# ਵਤਨੋਂ ਦੂਰ

ਜਨਵਰੀ / ਫਰਵਰੀ 1982

P.O. box 67681 Stn. 'O' Vancouver, B.C. V5W 3V2

"ONE-STOP" GROCERY CENTRE

# Victoria FoodCentre

## FIGURE ON SAVINGS

WHEN YOU FOOD SHOP HERE

## *FRESH*

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES —PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

**LITERARY & CULTURAL BI-MONTHLY OF PANJABI**

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਦੋ ਮਾਸਕ-ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| 2nd Class Mail Reg.No.3233<br>ANNUAL SUBSCRIPTION:<br>Canada-U.S.A. $10.00<br>Other SEA $10.00<br>Countries AIR $15.00 | VOL.9 NO.90<br>JAN/FEB. .82 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |
|---|---|---|



**EDITOR:**
Sadhu, 437-9014

**ASSISTANT EDITOR:**
Sukhwant Hundal, 321-9221

CIRCULATION EDITORS
Amarjit Chahal, 581-0406
Inderjit Rode, 430-1538

**ADVERTISING AND MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**

Raghbir Mand, 325-9564 Vancouver
Iqbal Ramuwalia, Halifax
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England


ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ; ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

## ਇਸ ਅੰਕ ਵਿਚ:-


ਕਵਿਤਾਵਾਂ:- ਗੁਰਚਰਨ ਰਾਮਪੁਰੀ, ਚਰਨ ਸਿੰਘ, ਸੁਖਿੰਦਰ, ਗੁਰਦੀਪ ਸਿੰਘ ਸੰਧੂ, ਇੰਦਰਜੀਤ ਰੋਡੇ, ਅਵਤਾਰ ਕਜਲਾ।

ਕਹਾਣੀ:- ਕੇਸਰ ਸਿੰਘ

ਲੇਖ :- ਐੱਮ. ਸੀ. ਭਾਰਦਵਾਜ

ਵਿਸ਼ਵ ਸੰਮੇਲਨ ਬਾਰੇ:- ਅਜਮੇਰ ਰੋਡੇ, ਦਰਸ਼ਨ ਗਿੱਲ

ਰੀਵੀਊ:- ਸੁਰਿੰਦਰ ਕੈਲੇ, ਅਵਤਾਰ ਗਿੱਲ, ਸਤਵੰਤ ਦੀਪਕ

ਸਥਾਈ ਕਾਲਮ:- ਦੂਰੋਂ ਨੇੜਿਓਂ


## ਵਤਨੋਂ ਦੂਰ ਦੇ ਪਾਠਕਾਂ ਨੂੰ:-

ਡਾਕ ਖਰਚ ਅਤੇ ਪ੍ਰੈੱਸ ਦੇ ਖਰਚਿਆਂ ਦੇ ਵੱਧਣ ਨਾਲ ਸਾਨੂੰ ਵਤਨੋਂ ਦੂਰ ਦਾ ਸਾਲਾਨਾ ਚੰਦਾ ਵਧਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਆਸ ਹੈ ਪਾਠਕ ਸਾਡੀ ਮਜ਼ਬੂਰੀ ਨੂੰ ਸਮਝਦੇ ਹੋਏ ਸਾਨੂੰ ਸਹਿਯੋਗ ਦੇਵੋਗੇ।

**ਨੋਟ:** ਜਿਹੜੇ ਪਾਠਕ ਕਿਸੇ ਕਾਰਨ ਕਰਕੇ ਚੰਦਾ ਨਹੀਂ ਦੇ ਸਕਦੇ ਪਰ ਵਤਨੋਂ ਦੂਰ ਪੜ੍ਹਨਾ ਚਾਹੁੰਦੇ ਹਨ, ਉਹ ਸਾਨੂੰ ਚਿੱਠੀ ਲਿਖ ਭੇਜਣ ਤਾਂ ਕਿ ਅਸੀਂ ਉਨ੍ਹਾਂ ਨੂੰ ਪਰਚਾ ਲਗਾਤਾਰ ਭੇਜਦੇ ਰਹੀਏ।

ਹੁਣ ਤੋਂ ਵਤਨੋਂ ਦੂਰ ਦਾ ਚੰਦਾ ਇਸ ਪ੍ਰਕਾਰ ਹੋਵੇਗਾ:-

ਕਨੇਡਾ:- 10 ਡਾਲਰ
ਬਦੇਸ਼:- 15 ਡਾਲਰ

ਸਥਾਈ ਕਾਲਮ

ਲੋੜਉ

# ਮਗਰਮੱਛ ਦੇ ਹੰਝੂ

ਪਿੱਛੇ ਜਿਹੇ ਅਮਰੀਕਾ ਦੇ ਪ੍ਰਧਾਨ ਰੇਗਨ ਨੇ ਪੋਲੈਂਡ ਅਤੇ ਸੋਵੀਅਤ ਯੂਨੀਅਨ ਉਪਰ ਵਿਉਪਾਰਕ ਰੋਕ ਲਾਉਣ ਦਾ ਐਲਾਨ ਕੀਤਾ ਹੈ ਅਤੇ ਨਾਲ ਹੀ ਹੋਰ ਯੂਰਪੀਅਨ ਦੇਸ਼ਾਂ ਨੂੰ ਅਮਰੀਕਾ ਨਾਲ ਖੜ੍ਹੇ ਹੋਣ ਦੀ ਅਪੀਲ ਕੀਤੀ ਹੈ। ਉਸਦਾ ਇਲਜ਼ਾਮ ਇਹ ਹੈ ਕਿ ਪੋਲੈਂਡ ਦਾ ਮਾਰਸ਼ਲ ਲਾਅ ਉਥੋਂ ਦੀ ਟਰੇਡ ਯੂਨੀਅਨ 'ਸੋਲੀਡੈਰਟੀ' ਨੂੰ ਕੁਚਲ ਦੇਣ ਲਈ ਇਸਦੇ ਮੈਂਬਰਾਂ ਉਪਰ ਜ਼ੁਲਮ ਢਾਅ ਰਿਹਾ ਹੈ ਅਤੇ ਆਮ ਮਨੁੱਖੀ ਅਧਿਕਾਰਾਂ ਦਾ ਖਾਤਮਾ ਕਰ ਰਿਹਾ ਹੈ। ਅਤੇ ਇਸ ਸਭ ਕੁੱਝ ਲਈ ਸੋਵੀਅਤ ਯੂਨੀਅਨ ਪੋਲੈਂਡ ਦੀ ਮਦਦ ਕਰ ਰਿਹਾ ਹੈ।







ਪੋਲੈਂਡ ਦੀ ਅਜੋਕੀ ਸਥਿਤੀ ਬਾਰੇ ਦੋ ਮਤ ਸਾਹਮਣੇ ਹਨ। ਇਕ ਅਨੁਸਾਰ 'ਸੋਲੀਡੈਰਟੀ' ਪੋਲੈਂਡ ਦੇ ਬਹੁਗਿਣਤੀ ਮਜ਼ਦੂਰਾਂ ਦੀ ਜਥੇਬੰਦੀ ਹੈ ਅਤੇ ਆਮ ਲੋਕਾਂ ਦੀ ਬੇਹਤਰੀ ਲਈ ਸਟੇਟ ਨਾਲ ਲੜ ਰਹੀ ਹੈ। ਦੂਜਾ ਪੱਖ ਹੈ ਕਿ 'ਸੋਲੀਡੈਰਟੀ' ਉਲਟ ਇਨਕਲਾਬੀ ਜਥੇਬੰਦੀ ਹੈ ਅਤੇ ਪੋਲੈਂਡ ਵਿਚ ਸਮਾਜਵਾਦ ਦੇ ਉਲਟ ਕੰਮ ਕਰ ਰਹੀ ਹੈ ਜਿਸ ਨੂੰ ਸਰਕਾਰ ਵਲੋਂ ਸਖਤੀ ਨਾਲ ਕੁਚਲ ਦੇਣਾ ਜ਼ਰੂਰੀ ਹੈ। ਮੈਂ ਇਥੇ ਇਨ੍ਹਾਂ ਦੋਹਾਂ ਪੱਖਾਂ ਬਾਰੇ ਕੁੱਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਇਹ ਪੱਖ ਇਕ ਲੰਬੇ ਲੇਖ ਅਤੇ ਡੂੰਘੀ ਬਹਿਸ ਦੀ ਮੰਗ ਕਰਦੇ ਹਨ। ਮੈਂ ਇਥੇ ਸਿਰਫ ਇਕ ਸਵਾਲ ਉਠਾਉਣਾ ਚਾਹੁੰਦਾ ਹਾਂ ਕਿ ਅਮਰੀਕਾ ਜਿਹੜਾ ਪੋਲੈਂਡ ਵਿਚ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਮਜ਼ਦੂਰਾਂ ਦੇ ਯੂਨੀਅਨ ਬਣਾਉਣ ਦੇ ਹੱਕਾਂ ਲਈ ਚੀਖ ਚੀਖ ਰੌਲਾ ਪਾ ਰਿਹਾ ਹੈ ਉਹ ਕਿੰਨਾ ਕੁ ਸੁਹਿਰਦ ਹੈ?

ਅਮਰੀਕਾ ਦੇ ਮਨੁੱਖੀ ਅਧਿਕਾਰਾਂ ਦੇ ਸਟੈਂਡ ਬਾਰੇ ਆਪਾਂ ਸਾਰਿਆਂ ਨੂੰ ਕੋਈ ਸ਼ੱਕ ਨਹੀਂ ਹੈ। ਵੱਖ ਵੱਖ ਸਮੇਂ ਵੱਖ ਵੱਖ ਦੇਸ਼ਾਂ ਦੀਆਂ ਉਨ੍ਹਾਂ ਸਰਕਾਰਾਂ ਦੀ ਅਮਰੀਕਾ ਨੇ ਪੁਰਜ਼ੋਰ ਹਮਾਇਤ ਕੀਤੀ ਹੈ ਜਿਨ੍ਹਾਂ ਲਈ ਮਨੁੱਖੀ ਅਧਿਕਾਰਾਂ ਦੀ ਕੋਈ ਕੀਮਤ ਨਹੀਂ ਸੀ ਜਿਵੇਂ ਮੌਜੂਦਾ ਸਮੇਂ ਰੇਗਨ ਅਮਰੀਕਾ 'ਐਲਸੈਲਵਾਡੋਰ' ਦੀ ਡਿਕਟੇਟਰ ਸਰਕਾਰ ਦੀ ਪੂਰੀ ਹਮਾਇਤ ਕਰ ਰਿਹਾ ਹੈ। ਦੂਜੀ ਗੱਲ ਮਜ਼ਦੂਰਾਂ ਦੇ ਯੂਨੀਅਨ ਬਣਾਉਣ ਦੇ ਹੱਕਾਂ ਬਾਰੇ ਹੈ। ਜੇ ਕਰ ਆਪਾਂ ਅਮਰੀਕਾ ਦੇ ਇਤਿਹਾਸ ਬਾਰੇ ਨਜ਼ਰ ਮਾਰੀਏ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਅਮਰੀਕਾ ਵਿਚ ਵੀ ਆਪਣੇ ਹੱਕ ਲੈਣ ਲਈ ਮਜ਼ਦੂਰਾਂ ਨੂੰ ਕਾਫੀ ਸੰਘਰਸ਼ ਅਤੇ ਕੁਰਬਾਨੀਆਂ ਕਰਨੀਆਂ ਪਈਆਂ ਹਨ। ਪਰ ਆਪਾਂ ਅਮਰੀਕਾ ਦੇ ਏਅਰ ਟਰੈਫਿਕ ਕੰਟਰੋਲਰਾਂ ਦੀ ਉਦਾਹਰਣ ਲੈਂਦੇ ਹਾਂ ਜਿਨ੍ਹਾਂ ਦੀ ਪੂਰੀ ਯੂਨੀਅਨ (10,000 ਮੈਂਬਰਾਂ) ਨੂੰ ਪ੍ਰਧਾਨ ਰੇਗਨ ਨੇ ਜੁਲਾਈ - ਅਗਸਤ 1981 ਨੂੰ ਕੰਮਾਂ ਤੋਂ ਹਟਾ ਦਿੱਤਾ। ਕਿਉਂਕਿ ਉਨ੍ਹਾਂ ਆਪਣੀਆਂ ਤਨਖਾਹਾਂ ਵਧਾਉਣ ਲਈ ਹੜਤਾਲ ਕੀਤੀ ਸੀ। ਉਪਰਲੀਆਂ ਉਦਾਹਰਣਾਂ ਦੇਖ ਇਹ ਸਾਫ ਨਜ਼ਰ ਆਉਂਦਾ ਹੈ ਕਿ ਜਿਹੜੇ ਹੰਝੂ ਹੁਣ ਪ੍ਰਧਾਨ ਰੇਗਨ ਪੋਲੈਂਡ ਦੇ ਲੋਕਾਂ ਲਈ ਵਹਾ ਰਿਹਾ ਹੈ ਉਹ ਸਿਰਫ ਮਗਰਮੱਛ ਦੇ ਹੰਝੂ ਹੀ ਹਨ।

## ਅੰਨ੍ਹਾ ਕਾਨੂੰਨ:

ਨਵੰਬਰ ਦੇ ਸ਼ੁਰੂ ਹਫ਼ਤੇ ਗਿਆਰ੍ਹਾਂ ਮਾਸੂਮ ਬੱਚਿਆਂ ਦੇ ਕਾਤਲ ਕਲਿਫਰਡ ਔਲਸਨ ਬਾਰੇ ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਉਪਰ ਆਮ ਚਰਚਾ ਰਹੀ। ਇਸ ਕੇਸ ਬਾਰੇ ਇਹ ਸਾਰੀ ਚਰਚਾ ਅਤੇ ਵਿਸਥਾਰ ਪੜ੍ਹ ਸੁਣ ਇਕ ਗੱਲ ਬੜੀ ਭਾਂਤੀ ਸਪਸ਼ਟ ਹੋ ਗਈ ਹੈ ਕਿ ਇਹ ਪੁਲੀਸ ਅਤੇ ਕਾਨੂੰਨੀ ਪ੍ਰਬੰਧ ਆਮ ਲੋਕਾਂ ਦੀ ਰੱਖਿਆ ਕਰਨ ਤੋਂ ਬਿਲਕੁਲ ਅਸਮਰਥ ਹੈ।

ਔਲਸਨ ਜਿਸਦਾ ਜੁਰਮਾਂ ਦਾ ਇਕ ਲੰਬਾ ਰੀਕਾਰਡ ਸੀ ਇਸ ਕਰਕੇ ਖੁੱਲ੍ਹਾ ਫਿਰਦਾ ਰਿਹਾ ਕਿਉਂਕਿ ਉਹ ਪੁਲੀਸ ਦਾ ਮੁਖਬਰ ਸੀ। ਮੁਖਬਰੀ ਕਰਨ ਬਦਲੇ ਉਸ ਨੂੰ ਕਈ ਤਰ੍ਹਾਂ ਦੀਆਂ ਛੋਟਾਂ ਦਿੱਤੀਆਂ ਜਾਂਦੀਆਂ ਰਹੀਆਂ ਜਿਵੇਂ ਸੰਨ 1974 ਵਿਚ ਉਸਦੀ ਫਾਇਲ ਵਿਚੋਂ ਇਕ ਸਤਾਰਾਂ ਸਾਲਾਂ ਦੇ ਕੈਦੀ ਨੂੰ ਰੇਪ ਕਰਨ ਦਾ ਜੁਰਮ ਕੱਢ ਦਿੱਤਾ ਗਿਆ। ਮੁਖਬਰੀ ਬਦਲੇ ਇਸ ਤਰ੍ਹਾਂ ਦੇ ਸੰਗੀਨ ਜੁਰਮ ਤੋਂ ਮੁਆਫ਼ੀ ਦੇਣਾ, ਕੇਸ ਕਰ ਰਹੇ ਪੁਲੀਸ ਪ੍ਰਬੰਧ ਨੂੰ ਨਿਕੰਮਾ ਹੀ ਸਿੱਧ ਕਰ ਸਕਦਾ ਹੈ।

ਉਸ ਵਲੋਂ ਕਤਲ ਕੀਤੇ ਗਏ ਗਿਆਰ੍ਹਾਂ ਬੱਚਿਆਂ ਦੀਆਂ ਲਾਸ਼ਾਂ ਦੱਸਣ ਬਦਲੇ 100,000 ਡਾਲਰ ਦਿੱਤੇ ਗਏ ਜਿਸ ਵਿਰੁੱਧ ਹਰ ਇਕ ਨਾਗਰਿਕ ਨੂੰ ਰੋਸ ਹੈ। ਭਾਵੇਂ ਇਸ ਦਿੱਤੀ ਰਕਮ ਨੂੰ ਠੀਕ ਸਿੱਧ ਕਰਨ ਲਈ ਇਕ ਥੋਥੀ ਦਲੀਲ ਦਿੱਤੀ ਜਾ ਰਹੀ ਹੈ ਕਿ ਜੇ ਉਸਨੂੰ ਪੈਸੇ ਦੇ ਕੇ ਲਾਸ਼ਾਂ ਨਾ ਲੱਭੀਆਂ ਜਾਂਦੀਆਂ ਤਾਂ ਉਸਨੂੰ ਮੁਕੱਦਮਾ ਚਲਾ ਕੇ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ। ਇਕ ਪਾਸੇ ਇਹ ਦਲੀਲ ਹੀ ਪੁਲੀਸ ਨੂੰ ਅਯੋਗ ਸਿੱਧ ਕਰਦੀ ਹੈ ਜਿਹੜੀ ਕਾਤਲ ਦੀ ਮਦਦ ਤੋਂ ਬਿਨਾਂ ਕਾਤਲ ਨੂੰ ਨਹੀਂ ਫੜ ਸਕੀ। ਦੂਜੇ ਪਾਸੇ ਇਕ ਸਵਾਲ ਪੈਦਾ ਕਰਦੀ ਹੈ ਕਿ ਮੁਜਰਿਮ ਨੂੰ ਪੈਸੇ ਦੇ ਉਸ ਤੋਂ ਗੁਨਾਹ ਕਬੂਲ ਕਰਾਉਣਾ ਸਹੀ ਹੱਲ ਹੈ ਜਾਂ ਕਾਨੂੰਨ ਵਿਚਲੇ ਉਨ੍ਹਾਂ "ਲੂਪ ਹੋਲਜ਼" ਨੂੰ ਬੰਦ ਕਰਨਾ ਜਿਨ੍ਹਾਂ ਕਰਕੇ ਮੁਜਰਿਮ ਦਾ ਪਤਾ ਹੁੰਦਿਆਂ ਹੋਇਆਂ ਵੀ ਉਸ ਉਪਰ ਮੁਕੱਦਮਾ ਚਲਾ ਉਸਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ? ਮੇਰੇ ਖਿਆਲ ਵਿਚ ਇਨ੍ਹਾਂ "ਲੂਪ ਹੋਲਜ਼" ਨੂੰ ਬੰਦ ਕਰਨਾ ਇਕ ਸਹੀ ਅਤੇ ਲੋੜੀਂਦਾ ਹਲ ਹੈ।

ਸੁਖਦੇਵ ਹੁੰਦਲ

## ਪੁਲੀਸ ਵਧੀਕੀਆਂ ਵਿਚ ਇਕ ਹੋਰ ਵਾਧਾ

ਪਿਛਲੇ ਕੁਝ ਮਹੀਨਿਆਂ ਤੋਂ ਹਿੰਸਕ ਘਟਨਾਵਾਂ ਕਾਰਨ ਪੰਜਾਬ ਦੇ ਵਾਤਾਵਰਨ ਦੀ ਘੁੱਟਨ ਵਧਦੀ ਹੀ ਜਾ ਰਹੀ ਹੈ। ਲੋਕਾਂ ਵਿਚ ਅਸੁਰਖਿਆ ਦਾ ਡਰ ਬੁਰੀ ਤਰ੍ਹਾਂ ਬੈਠ ਗਿਆ ਹੈ। ਸਰਕਾਰ ਨੇ ਵਧ ਰਹੀਆਂ ਹਿੰਸਕ ਘਟਨਾਵਾਂ ਰੋਕਣ ਲਈ ਅਸਫਲ ਯਤਨ ਕੀਤੇ ਹਨ। ਅਤੇ ਇਨ੍ਹਾਂ ਘਟਨਾਵਾਂ ਨੂੰ ਕਦੀ ਖਾਲਿਸਤਾਨ ਦੀ ਮੰਗ ਨਾਲ, ਕਦੀ ਨਿਰੰਕਾਰੀਆਂ ਦੀਆਂ ਭੂਤਕ ਘਟਨਾਵਾਂ ਨਾਲ, ਕਦੀ ਅਤਿਵਾਦੀਆਂ ਦੀਆਂ ਜ਼ਿਆਦਤੀਆਂ ਨਾਲ, ਕਦੀ ਨਕਸਲ ਵਾੜੀ ਲਹਿਰ ਨਾਲ ਤੇ ਕਦੇ ਰਾਜਨੀਤੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਪਰ ਉਹ ਇਸ ਕਿਸੇ ਵੀ ਇਕ ਨਾਲ ਅਧਾਰਤ ਸਬੂਤਾਂ ਤੇ ਜੋੜਨ 'ਚ ਅਸਫਲ ਰਹੀ ਹੈ। ਸੰਬੰਧਤ ਘਟਨਾਵਾਂ ਦੇ ਹਿੰਸਕ ਅਨਸਰ ਨੂੰ ਪੁਲੀਸ ਨਿਆਂਪਾਲਕਾ ਸਾਹਮਣੇ ਪੇਸ਼ ਨਹੀਂ ਕਰ ਸਕੀ। ਸਿੱਟਾ ਇਹ ਨਿਕਲਿਆ ਕਿ ਇਨ੍ਹਾਂ ਹਿੰਸਕ ਘਟਨਾਵਾਂ ਬਾਰੇ ਕੋਈ ਨਿਰਨੇਜਨਕ ਫੈਸਲਾ ਨਾ ਹੋ ਸਕਣਾ ਤੇ ਲੋਕਾਂ ਵਿਚ ਡਰ ਦੀ ਭਾਵਨਾ ਦਾ ਵਧਣਾ ਹੈ।

ਕਿਉਂਕਿ ਬਹੁਤੀਆਂ ਹਿੰਸਕ ਘਟਨਾਵਾਂ ਵਿਚ ਮੋਟਰ-ਸਾਈਕਲਾਂ ਦੀ ਵਰਤੋਂ ਦਾ ਨਾਂ ਆਉਂਦਾ ਹੈ ਇਸ ਲਈ ਸਰਕਾਰ ਨੇ, ਇਕ ਤੋਂ ਵੱਧ ਬੰਦਿਆਂ ਨੂੰ ਮੋਟਰ ਸਾਈਕਲ ਉਪਰ ਚੜ੍ਹਨ ਤੇ ਪਬੰਦੀ ਲਾ ਦਿਤੀ ਹੈ ਜੋ ਸਰਕਾਰ ਦੀ ਅਸਫਲਤਾ ਕਾਰਨ ਬੁਖਲਾਹਟ ਦੀ ਪ੍ਰਤੀਕ ਹੈ ਅਤੇ ਇਸ ਨਾਲ ਆਮ ਜੰਤਾ ਦੀਆਂ ਮੁਸ਼ਕਲਾਂ ਵਿਚ ਵਾਧਾ ਹੋਇਆ ਹੈ। ਇਸ ਅਣਲੋੜੀਂ ਦੀ ਪਾਬੰਦੀ ਨੂੰ ਅਮਲ ਵਿਚ ਲਿਆਉਣ ਲਈ ਪੰਜਾਬ ਦੀ ਪੁਲੀਸ ਪੂਰੇ ਜ਼ੋਰਾਂ ਨਾਲ ਸਰਗਰਮ ਹੈ ਅਤੇ ਇਸ ਹੁਕਮ ਦੀ ਆੜ ਥੱਲੇ ਨਾਗਰਿਕਾਂ ਦੀ ਲੁੱਟ ਦਿਨ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ।

ਅਸੀਂ ਸ਼ਹਿਰਾਂ ਦੇ ਚੌਰਸਤਿਆਂ ਅਤੇ ਖਾਸ ਸੜਕਾਂ ਉਪਰ ਪੁਲੀਸ ਵਲੋਂ ਮੋਟਰ ਸਵਾਰਾਂ ਨੂੰ ਰੋਕ ਕੇ ਤੰਗ ਕਰਨ ਅਤੇ ਪੈਸੇ ਬਟੋਰਦਿਆਂ ਆਮ ਦੇਖ ਸਕਦੇ ਹਾਂ। ਇਸ ਪਾਬੰਦੀ ਨਾਲ ਪੁਲੀਸ ਨੇ ਆਪਣਾ ਰੇਟ ਵੀ ਵਧਾ ਦਿਤਾ ਹੈ ਤੇ ਹੁਣ ਪੁਲਸ ਕੋਲੋਂ ਛੁਟਕਾਰਾ ਪਾਉਣ ਲਈ ਰਿਸ਼ਵਤ ਸੌ ਰੁਪਏ ਤੱਕ ਵੀ ਪਹੁੰਚ ਗਈ ਹੈ। ਪੁਲੀਸ ਵਲੋਂ ਇਸ ਪਾਬੰਦੀ ਅਧੀਨ ਕਬਜ਼ੇ 'ਚ ਕੀਤੇ ਮੋਟਰਾਂ ਸਾਈਕਲਾਂ ਦੇ ਪੁਰਜੇ ਕੱਢਣ/ਬਦਲਨ ਦੀਆਂ ਖਬਰਾਂ ਵੀ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਈਆਂ ਹਨ (ਹਵਾਲਾ ਪ. ਟ. 15. 12. 81)

ਜਿਥੇ ਹਿੰਸਕ ਘਟਨਾਵਾਂ ਨੇ ਪੰਜਾਬ ਦੇ ਨਾਗਰਿਕਾਂ ਵਿਚ ਡਰ ਪੈਦਾ ਕੀਤਾ ਹੈ, ਉਥੇ ਪੁਲੀਸ ਦੀਆਂ ਵਧੀਕਿਆਂ ਦੇ ਕਾਂਡ ਵਿਚ ਇਕ ਹੋਰ ਵਾਧਾ ਹੋਇਆ ਹੈ। ਹਨੇਰਾ ਵਧਦਾ ਹੀ ਜਾ ਰਿਹਾ ਹੈ ਤੇ ਲੋੜ ਹੈ ਚਾਨਣ ਦੀ ਇਕ ਲੀਕ ਦੀ ਜੋ ਇਸ ਘੁੱਪ ਹਨੇਰੇ ਨੂੰ ਮਿਟਾ ਕੇ ਜੰਤਾ ਨੂੰ ਕਿਸੇ ਦਿਸ਼ਾ ਵਲ ਪਰੇਰੇ।

ਸੁਰਿੰਦਰ ਕੋਲੇ

(ਸਾਧੂ ਦੇ ਸਹਿਯੋਗ ਨਾਲ)

FOR YOUR INSURANCE NEEDS:
SUCH AS —

* AUTO INSURANCE
* BUSINESS
* COMMERCIAL
* HOME OWNERS
* TRAVEL INSURANCE



*BALDEV SANGRA*
PH. 321 - 6557
*(604) 687-7711*
*PAGER: 7648*

autoplan

ਹਰ ਪਕਾਰ ਦੇ ਬੀਮੇਂ ਜਿਵੇਂ ਕਾਰ,ਟ੍ਰੱਕ,
ਮਕਾਨ ਅਤੇ ਕੈਂਪਰ ਆਦਿ ਲਈ ਸ਼ਾਡੀਆਂ
ਸੇਵਾਵਾਂ ਹਾਜ਼ਰ ਹਨ।

BENNET— SANGHRA
INSURANCE AGENCY LTD.
6553 VICTORIA DR. VAN. B.C.



If you are looking for



*Quality
* Quality
* Price
* After sale service when buying your car contact
Kuldip S. Jhand

ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ
ਟਰੇਡ ਕਰਨੀ ਹੋਵੇ ਤਾਂ ਖ਼ੀਦਣ
ਤੋਂ ਪਹਿਲਾਂ
ਕੁਲਦੀਪ ਝੰਡ
ਨੂੰ ਮਿਲੋ ਜਾਂ ਫ਼ੂਨ ਕਰੋ



Office
521-7731
Res. 524-4137

WESTMINSTER CHEVROLET-OLDSMOBILE
12 th Ave. at Queens Ave
New West Minster



*PAUL'S PLUMBING & ELECTRICAL SUPPLY*

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES





ਖੁਸ਼ਖਬਰੀ! ਤੁਹਾਡੀ ਜ਼ਰੂਰਤ ਲਈ
ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ
ਦਾ ਸਟੋਰ ਆਪਣੇ ਭਾਈ ਓਮ ਪਾਲ
ਵਲੋਂ 32 ਐਵੇਨਿਊ ਲਾਗੇ 4774 ਮੇਨ
ਸਟਰੀਟ ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ।
ਸਾਡੇ ਕੋਲ ਆਓ, ਪੰਜਾਬੀ 'ਚ ਗੱਲ
ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ
ਲਈ ਫੋਨ ਕਰੋ।

872 3118

English-Punjab-Hindi Spoken
4774 Main St (at 32nd)
Vancouver ● 872-3118
Open Sunday — Parking at rear.



SEASON'S GREETINGS

***Elite Tailors***

ਈਲਾਈਟ ਟੇਲਰਜ਼

WE STOCK REGULAR OR BELL-BOTTOM PANTS IN VARIOUS STYLES WITH MATCHING COLOUR SHIRTS, SPORTS JACKETS, 3 PIECE SUITS WITH REGULAR OR BELL-BOTTOM PANTS, SHOES AND ALSO LADIES 2 PC. SUITS JACKETS AND BLOUSES ETC.

For any sporting uniform needs
Please Visit Us:

**ELITE TAILORS**
**4219 MAIN STREET**
**PHONE: 872-2276**

VISA

* MAIL ORDERS ACCEPTED *

# ਰੇਤ

ਕੇਸਰ ਸਿੰਘ ਨਾਵਲਿਸਟ

ਮੈਂ ਨਨਾਇਮੋਂ ਤੋਂ ਫੈਰੀ ਲੈ ਕੇ ਵੈਨਕੂਵਰ ਪੁੱਜ ਗਿਆ ਸਾਂ। ਮੈਂ ਫੈਰੀ ਦੀ ਇਕ ਚੰਗੀ ਸੀਟ ਸੰਭਾਲ ਲਈ ਜਿਥੋਂ ਸੁਹੱਪਣ ਭਰਪੂਰ ਨਜ਼ਾਰੇ ਵੇਖ ਸਕਾਂ। ਕੁੱਝ ਚਿਰ ਮੈਂ ਪਹਾੜੀਆਂ ਤੋਂ ਉਤੇ ਉਡਦੇ ਤੇ ਫਿਰ ਹੇਠਾਂ ਉਤਰਦੇ ਚਿੱਟੇ ਚਿੱਟੇ ਬੱਦਲਾਂ ਵਲ ਤੱਕਦਾ ਰਿਹਾ। ਦੂਰ ਸਾਰੇ ਅਗੇ ਹੀ ਵੱਡੇ ਪਹਾੜ ਉਤੇ ਜੰਮੀ ਹੋਈ ਬਰਫ਼ ਦੀਆਂ ਕਿਰਨਾਂ ਚਮਕ ਰਹੀਆਂ ਸਨ। ਕਦੇ ਮਾੜੀ ਜਿਹੀ ਧੁੱਪ ਨਿਕਲ ਆਉਂਦੀ ਫਿਰ ਲੁਕ ਵੀ ਜਾਂਦਾ। ਇਕ ਨਿੱਕੀ ਜਿਹੀ ਚਿੱਟੀ ਬੱਦਲੀ ਨੀਲਾ ਰੰਗ ਫੜਨ ਲੱਗ ਪਈ। ਨਿੱਕੀਆਂ ਨਿੱਕੀਆਂ ਕਣੀਆਂ ਪੈਣ ਲੱਗ ਪਈਆਂ। ਉਹ ਚਿੱਟੇ ਮੋਤੀਆਂ ਵਾਂਗੂ ਸਾਂਤ ਸਾਗਰ ਦੀਆਂ ਲਹਿਰਾਂ ਵਿਚ ਘੁਲ ਮਿਲ ਘੁਲ ਮਿਲ ਜਾਂਦੀਆਂ। ਸਮੁੰਦਰ ਦੀਆਂ ਲਹਿਰਾਂ ਤੋਂ ਕੁੱਝ ਹੀ ਉਤੇ ਉੱਡਦੇ ਚਿੱਟੇ ਸਮੁੰਦਰੀ ਪੰਛੀ ਨਿੱਕੀਆਂ ਨਿੱਕੀਆਂ ਮੱਛੀਆਂ ਨੂੰ ਚੂੰਝਾਂ ਨਾਲ ਫੜਨ ਵਾਸਤੇ ਤਰਲੋਮੱਛੀ ਹੋ ਰਹੇ ਸਨ। ਸਮੁੰਦਰ ਦੀਆਂ ਲਹਿਰਾਂ ਵਿਚ ਚਿੱਟੀ ਝੱਗ ਦੀਆਂ ਕੰਧਾਂ ਬਣਦੀਆਂ ਤੇ ਢਹਿ ਜਾਂਦੀਆਂ।

ਫੈਰੀ ਸਮੁੰਦਰ ਵਿਚ ਠਿੱਲ੍ਹ ਪਈ। ਸਮੁੰਦਰ ਦੀਆਂ ਛੱਲਾਂ ਹੋਰ ਉੱਚੀਆਂ ਹੋਣ ਲੱਗੀਆਂ। ਜਿਸ ਤੇਜ਼ੀ ਨਾਲ ਸਮੁੰਦਰੀ ਝੱਗ ਦੀਆਂ ਲਹਿਰਾਂ ਉਸਰਦੀਆਂ ਉਸੇ ਤੇਜ਼ੀ ਨਾਲ ਢਹਿ ਜਾਂਦੀਆਂ। ਚਿੱਟੀ ਝੱਗ ਦੀਆਂ ਉਭਰਦੀਆਂ ਲਹਿਰਾਂ ਉਤੇ ਉੱਡਦੇ ਪੰਛੀ ਝਪਟੇ ਮਾਰ ਕੇ, ਉਤੇ ਉਛਲੀਆਂ ਮੱਛੀਆਂ ਨੂੰ ਚੂੰਝਾਂ ਵਿਚ ਦਬੋਚ ਕੇ ਉੱਚੀਆਂ ਉਡਾਰੀਆਂ ਲਾ ਦੇਂਦੇ। ਥੋੜਾ ਚਿਰ ਉਚੀਆਂ ਉਡਾਰੀਆਂ ਲਾਉਣ ਮਗਰੋਂ ਮੁੜ ਸ਼ਿਕਾਰ ਦੀ ਭਾਲ ਵਿਚ ਨੀਵੇਂ ਨੀਵੇਂ ਉਡਣ ਲੱਗ ਪੈਂਦੇ।

ਸੁਹਾਵਣੀ ਕੁਦਰਤ ਦੇ ਖੇਡ ਦਾ ਰੰਗ ਮਾਣਦਿਆਂ ਮਨ ਵਿਸਰਾਮ ਵਿਚ ਵਿਚ ਆਇਆ ਹੋਇਆ ਸੀ। ਸੁਖਾਵਾਂ ਸਨ ਆਲੇ ਦੁਆਲੇ ਸੁਖਾਵਾਂ ਹੀ ਸੁਖਾਵਾਂ ਵੇਖ ਰਿਹਾ ਸੀ। ਮੀਂਹ ਦਾ ਇਕ ਛਰਾਟਾ ਪਿਆ। ਫਿਰ ਸੂਰਜ ਨੇ ਆ ਝਾਤੀ ਮਾਰੀ। ਸੂਰਜ ਦੀਆਂ ਕਿਰਨਾਂ ਚਿੱਟੇ ਤੇ ਨੀਲੇ ਮੇਘਲਿਆਂ ਨਾਲ ਛੁਪਣਛੋਤ ਖੇਡ ਰਹੀਆਂ ਸਨ। ਫੈਰੀ ਆਪਣੀ ਚਾਲੇ ਤੁਰੀ ਜਾ ਰਹੀ ਸੀ। ਨਿੱਕੀਆਂ ਨਿੱਕੀਆਂ ਕਿਸ਼ਤੀਆਂ ਤੇ ਮੋਟਰਬੋਟ ਫੈਰੀ ਤੋਂ ਹਟਵੇਂ, ਲਹਿਰਾਂ ਦੇ ਚੜ੍ਹਾਅ ਉਤਰਾਅ ਵਿਚ ਨਾਚ ਨੱਚਦੇ ਦਿਸ ਰਹੇ ਸਨ। ਇਕ ਮੋਟਰ-ਕਿਸ਼ਤੀ ਵਿਚ ਪਈਆਂ ਮੱਛੀਆਂ ਉਤੇ ਸਮੁੰਦਰੀ ਪੰਛੀ ਝਪਟੇ ਮਾਰਨ ਲਈ ਤਿਆਰ ਹੁੰਦੇ ਪਰ ਮਛੇਰਿਆਂ ਦੀ "ਹੂ-ਗਾਂ" ਦੀ ਆਵਾਜ਼ ਸੁਣ ਕੇ ਡਰ ਜਾਂਦੇ। ਉੱਚੇ ਉਡਣ ਲੱਗ ਪੈਂਦੇ। ਕੁੱਝ ਚਿਰ ਮਗਰੋਂ ਉਹ ਮੁੜ ਉਸ ਕਿਸ਼ਤੀ ਦੇ ਦੁਆਲੇ ਉਡਣ ਲੱਗ ਜਾਂਦੇ।

ਵੀਕ ਐਂਡ ਵਿਚ ਫੈਰੀ ਉਤੇ ਬੜੀ ਭੀੜ ਹੁੰਦੀ ਹੈ, ਬੈਠਣ ਨੂੰ ਥਾਂ ਨਹੀਂ ਮਿਲਦੀ। ਬਾਹਰਲੀਆਂ ਸੀਟਾਂ ਲੋਕੀ ਝੱਟ ਮੱਲ ਲੈਂਦੇ ਹਨ। ਅੰਦਰਲੀਆਂ ਸੀਟਾਂ ਉਤੇ ਬਹਿਣਾ ਪਸੰਦ ਨਹੀਂ ਕਰਦੇ। ਅੱਜ ਸੋਮਵਾਰ ਹੋਣ ਕਰਕੇ ਉਹੀ ਭੀੜ ਨਹੀਂ ਸੀ। ਮੈਂ ਬਾਹਰਲੀ ਸੀਟ ਮਲ ਕੇ ਬੈਠਾ ਸਾਂ। ਮੇਰੇ ਆਲੇ ਦੁਆਲੇ ਦੀਆਂ ਸਭ ਸੀਟਾਂ ਖਾਲੀ ਪਈਆਂ ਸਨ। ਬਹੁਤੇ ਲੋਕੀ ਕੈਫੇਟੇਰੀਆ ਵਿਚ ਖਾਣ ਲਈ ਲੰਮੀ ਕਤਾਰ ਵਿਚ ਖੜੇ ਸਨ। ਅਜੇ ਦਸ ਹੀ ਵੱਜੇ ਸਨ ਪਰ ਲੋਕਾਂ ਦੀ ਭੁੱਖ ਤੇਜ਼ ਹੋ ਗਈ ਲਗਦੀ ਸੀ। ਮੇਰਾ ਮਨ ਵੀ ਕਰਦਾ ਸੀ ਕੁੱਝ ਖਾਣ ਨੂੰ ਪਰ ਲੋਕਾਂ ਦੀ ਲੰਮੀ ਕਤਾਰ ਵਿਚ ਖੜੋਣ ਨੂੰ ਮਨ ਨਾ ਕੀਤਾ।

ਅਚਾਨਕ ਹੀ ਇਕ ਮੁਟਿਆਰ ਸਾਹਮਣੀ ਸੀਟ ਉਤੇ ਆ ਬੈਠੀ। ਕੁਦਰਤੀ ਨਜ਼ਾਰਿਆਂ ਵਲੋਂ ਮੇਰਾ ਧਿਆਨ ਉਖੜ ਗਿਆ। ਐਨਕਾਂ ਲਾਕੇ ਇਕ ਪੁਸਤਕ ਦੇ ਪੰਨੇ ਪਰਤਣ ਲੱਗ ਪਿਆ। ਜਦ ਵੀ ਮੈਂ ਐਨਕਾਂ ਥਾਣੀ ਨਜ਼ਰਾਂ ਉਚੀਆਂ ਕਰਕੇ ਤੱਕਦਾ ਉਹ ਕਦੇ ਮੇਰੇ ਵੱਲ ਤੇ ਕਦੇ ਮੇਰੀ ਪੁਸਤਕ ਵੱਲ ਤੱਕਦੀ ਹੁੰਦੀ। ਮੈਂ ਮਨ ਹੀ ਮਨ ਵਿਚ ਅੰਦਾਜ਼ਾ ਲਾਉਣ ਲੱਗਾ ਕਿ ਇਹ ਮੁਟਿਆਰ ਹੈ ਤਾਂ ਪੰਜਾਬਣ ਪਰ ਹੋ ਸਕਦਾ ਹੈ ਕੈਨੇਡਾ ਵਿਚ ਹੀ ਜੰਮੀ ਪਲੀ ਤੇ ਪੜ੍ਹੀ ਹੋਵੇ।

ਉਸ ਦਾ ਦਰਮਿਆਨਾ ਕੱਦ, ਪਤਲਾ-ਛੀਵਾ ਬਦਨ, ਪੱਛਮੀ ਪਹਿਰਾਵਾ, ਪੈਰੀਂ ਅੱਧੀ-ਉੱਚੀ ਅੱਡੀ ਵਾਲੀ ਗੁਰਗਾਬੀ। ਭੂਰੀਆਂ ਜੁਰਾਬਾਂ ਗੁਰਗਾਬੀ ਦੇ ਭੂਰੇ ਰੰਗ ਨਾਲ ਮੇਲ ਖਾ ਰਹੀਆਂ ਸਨ। ਚੌਰਸ ਖਾਨਿਆਂ ਵਾਲਾ, ਚਿੱਟਾ-ਕਾਲਾ ਸਕੱਰਟ ਸਮੇਤ ਚਾਲ ਚਲਦੇ ਮੇਘਲਿਆਂ ਨਾਲ ਮੇਲ ਖਾ ਰਿਹਾ ਸੀ। ਦੋਹਾਂ ਗੋਡਿਆਂ ਉਤੇ ਰੱਖੇ ਕਣਕ ਰੰਗੇ ਹੱਥਾਂ ਦੀਆਂ ਪਤਲੀਆਂ ਪਤਲੀਆਂ ਉਂਗਲਾਂ ਦੇ ਨਹੁੰ ਕੇਸਰੀ ਰੰਗ ਦੀ ਭਾਅ ਮਾਰ ਰਹੇ ਸਨ। ਮੈਂ ਨਜ਼ਰ ਉਤੇ ਕੀਤੀ, ਉਹ ਟਿੱਕ ਟਿੱਕ ਮੇਰੇ ਵੱਲ ਤੱਕ ਰਹੀ ਸੀ। ਮੈਂ ਮੁੜ ਅੱਖਾਂ ਚੁੱਕੀਆਂ ਤਾਂ ਨਜ਼ਰਾਂ ਨੀਵੀਆਂ ਕਰਕੇ ਬੈਠੀ ਸੀ।

ਉਸਦੇ ਗਲ਼ ਚਿੱਟਾ-ਦੁੱਧ ਟਰਟਲ-ਨੈਕ ਵਾਲਾ ਸਵੈਟਰ, ਉਸ ਉਤੇ ਇਕ ਹੋਰ ਲੰਮੀਆਂ ਬਾਹਾਂ ਵਾਲਾ ਭੂਰੇ-ਰੰਗਾ ਪੁਲਓਵਰ, ਉਸਦੀ ਗੋਲ ਠੋਡੀ। ਪਤਲੇ ਪਤਲੇ ਬੁਲ੍ਹਾਂ ਉਤੇ ਸੁਰਖੀ, ਨੱਕ ਨਾ ਵੱਡਾ ਨਾ ਨਿੱਕਾ, ਵੱਡੀਆਂ ਵੱਡੀਆਂ ਕਾਲੀਆਂ ਅੱਖਾਂ, ਅੱਖਾਂ ਵਿਚ ਭਰਪੂਰ ਲਿਸ਼ਕਦਾਰ ਚਮਕ। ਉਸ ਨੇ ਸੱਜੇ ਹੱਥ ਨਾਲ ਮੱਥੇ ਉਤੇ ਆਏ ਵਾਲ ਥਾਂ ਸਿਰ ਕੀਤੇ, ਉਸ ਦੇ ਕੱਟੇ ਹੋਏ ਵਾਲਾਂ ਵਾਲਾ ਫੈਸ਼ਨ ਲੰਡਨ (ਇੰਗਲੈਂਡ) ਵਾਲਾ ਪ੍ਰਤੀਤ ਹੋਇਆ, ਮੈਨੂੰ ਜਾਪਿਆ ਕਿ ਉਹ ਗਲ ਕਰਨ ਲਈ ਮੂੰਹ ਖੋਲ੍ਹਦੀ ਹੈ ਪਰ ਮੁੜ ਰੁਕ ਜਾਂਦੀ ਹੈ। ਮੈਂ ਵੀ ਉਸ ਨਾਲ ਗਲ ਕਰਨ ਬਾਰੇ ਸੋਚਦਾ ਰਿਹਾ। ਮੈਂ ਸੋਚਿਆ ਕਿ

ਹੋ ਸਕਦਾ ਹੈ ਪੰਜਾਬੀ ਜਾਣਦੀ ਹੀ ਨਾ ਹੋਵੇ। ਜਦ ਵੀ ਕੋਈ ਨੌਜਵਾਨ ਜਾਂ ਮੁਟਿਆਰ ਮਿਲੇ ਤਾਂ ਮੇਰਾ ਮਨ ਹੁੰਦਾ ਹੈ ਕਿ ਉਸ ਨਾਲ ਅੰਗਰੇਜ਼ੀ ਦੀ ਥਾਂ ਪੰਜਾਬੀ ਵਿਚ ਗੱਲਾਂ ਕਰਾਂ। ਮੈਂ ਵੀ ਚੁੱਪ ਰਿਹਾ। ਪਰ ਮੈਨੂੰ ਜਾਪਿਆ ਕਿ ਉਹ ਗੱਲ ਕਰਨ ਲਈ ਉਤਾਵਲੀ ਹੋ ਰਹੀ ਹੈ। ਫਿਰ ਵੀ ਮੈਂ ਚੁੱਪ ਸਾਧੀ ਰੱਖੀ।

ਕੁਝ ਮਿੰਟਾਂ ਦੀ ਚੁੱਪ ਪਿਛੋਂ ਉਸਨੇ ਆਪਣੀ ਸੀਟ ਉਤੇ ਰੱਖਿਆ ਅਖਬਾਰ ਚੁੱਕਿਆ ਤੇ ਪੜ੍ਹਨ ਲੱਗ ਪਈ। ਉਸ ਦਾ ਧਿਆਨ ਅਖਬਾਰ ਵਿਚ ਨਹੀਂ ਸੀ ਲੱਗ ਰਿਹਾ। ਮੇਰੇ ਖੱਬੇ ਪਾਸੇ ਮੇਰੀ ਕਿਤਾਬ ਸੀਟ ਉਤੇ ਪਈ ਹੋਈ ਸੀ। ਉਸਨੇ ਅੱਖਾਂ ਹੀ ਅੱਖਾਂ ਦੇ ਇਸ਼ਾਰੇ ਵਿਚ ਮੁਸਕਰਾ ਕੇ ਕਿਤਾਬ ਚੁੱਕਣ ਦੀ ਆਗਿਆ ਲੈ ਲਈ। ਏਨੀ ਦੇਰ ਨੂੰ ਦੋ ਪੰਜਾਬੀ ਨੌਜਵਾਨ ਸਾਡੇ ਕੋਲੋਂ ਲੰਘ ਗਏ। ਮੈਂ ਤਕਿਆ ਕਿ ਉਹ ਦੋਵੇਂ, ਘੂਰ ਘੂਰ ਕੇ ਸਾਡੇ ਵੱਲ, ਪਿਛੇ ਮੁੜ ਕੇ ਤੱਕਦੇ ਬੁੜਬੁੜਾਂਦੇ ਜਾ ਰਹੇ ਸਨ। ਜਦ ਉਹ ਮੇਰੀਆਂ ਅੱਖਾਂ ਤੋਂ ਉਹਲੇ ਹੋ ਗਏ ਤਾਂ ਮੁਟਿਆਰ ਨੇ ਮੇਰੀ ਕਿਤਾਬ ਮੇਰੇ ਹੱਥਾਂ ਵਿਚ ਫੜਾਂਦਿਆਂ ਅੰਗਰੇਜ਼ੀ ਵਿਚ ਪੁੱਛਿਆ - "ਵੈਨਕੂਵਰ ਅਜੇ ਕਿੰਨੀ ਦੂਰ ਹੈ?"

"ਅੱਧਾ ਕੁ ਘੰਟਾ ਹੋਰ ਲੱਗ ਜਾਏਗਾ।"

"ਤੁਸੀਂ ਵੈਨਕੂਵਰ ਰਹਿੰਦੇ ਹੋ?"

"ਵੈਨਕੂਵਰ ਦੀ ਸਬਰਬ ਸਰੀ ਵਿਚ ਰਹਿੰਦਾ ਹਾਂ।"

"ਫੇਰ ਤਾਂ ਸ਼ਹਿਰ ਵਿਚੋਂ ਲੰਘ ਕੇ ਜਾਉਗੇ।"

"ਹੋਰ ਤਾਂ ਰਾਹ ਹੀ ਕੋਈ ਨਹੀਂ।"

"ਮੇਨ ਸਟਰੀਟ ਜਾਂ ਫਰੇਜ਼ਰ ਸਟਰੀਟ ਵਿਚੋਂ ਲੰਘ ਕੇ ਜਾਂਦੇ ਹੋ?"

"ਨਹੀਂ! ਹਾਈਵੇ - ਵੰਨ ਵਾਲਾ ਰਸਤਾ ਸਿੱਧਾ ਰਹਿੰਦਾ ਹੈ।"

ਮੈਨੂੰ ਜਾਪਿਆ ਕਿ ਸ਼ਾਇਦ ਇਸ ਨੇ ਉਸ ਇਲਾਕੇ ਵਿਚ ਜਾਣਾ ਹੋਵੇ। ਉਸ ਪਾਸ ਆਪਣੀ ਕਾਰ ਨਾ ਹੋਵੇ ਤੇ ਰਾਈਡ ਲੈਣ ਦੀ ਗੱਲ ਸੋਚ ਰਹੀ ਹੋਵੇ। ਮੈਂ ਰਾਈਡ ਦੇਣ ਦੀ ਪੇਸ਼ਕਸ਼ ਕਰਨੀ ਚਾਹੀ ਪਰ ਚੁੱਪ ਰਿਹਾ। ਹੁਣ ਅਸੀਂ ਖੁੱਲ੍ਹ ਕੇ ਗੱਲਾਂ ਕਰਨ ਲੱਗ ਪਏ ਸਾਂ ਪਰ ਉਸ ਦੀਆਂ ਅੱਖਾਂ ਵਿਚ ਡਰ ਦਾ ਪਰਛਾਵਾਂ ਘੜੀ ਮੁੜੀ ਝਲਕਾਰਾ ਦੇ ਜਾਂਦਾ ਸੀ। ਮੈਂ ਧਿਆਨ ਨਾਲ ਤੱਕਿਆ ਉਸ ਦੇ ਆਪਣੀਆਂ ਕੁਦਰਤੀ ਭਵਾਂ ਦੀ ਥਾਂ ਗੈਰ-ਕੁਦਰਤੀ ਤਿੱਖੀਆਂ ਭਵਾਂ ਬਣਾਈਆਂ ਹੋਈਆਂ ਸਨ। ਉਹ ਪੰਜਾਬਣ ਮੁਟਿਆਰ ਮੈਨੂੰ ਕਣਕ-ਵੰਨੀ ਮੇਮ ਦੇ ਰੂਪ ਵਿਚ ਦਿਸਣ ਲੱਗ ਪਈ। ਉਸ ਦੀ ਦਿੱਖ-ਪੁੱਖ ਉਸ ਦੀ ਬੋਲੀ ਉਸ ਦੇ ਹਾਵ-ਭਾਵ ਸਭ ਪੱਛਮੀ ਸਨ। ਆਪਣੇ ਮਾਪਿਆਂ ਵਾਲਾ ਕਣਕ-ਵੰਨਾ ਰੰਗ ਨਹੀਂ ਸੀ ਬਦਲ ਸਕੀ। ਇਕ ਹੋਰ ਗੱਲ ਮੈਨੂੰ ਜਾਪੀ ਕਿ ਪੰਜਾਬ ਦੀ ਧਰਤੀ ਉਤੇ ਜੰਮੀ ਪਲੀ ਪੰਜਾਬਣ ਮੁਟਿਆਰ ਨਿਡਰ ਹੋਣ ਦੇ ਬਾਵਜੂਦ ਵੀ ਜਿਵੇਂ ਪਰਾਏ ਬੰਦਿਆਂ ਤੋਂ ਡਰਦੀ ਰਹਿੰਦੀ ਹੈ, ਕੁਝ ਉਹੋ ਜਿਹਾ ਡਰ ਆਪਣੀ ਪੱਛਮੀ ਤੌਰ ਤਰੀਕੇ ਵਿਚੋਂ ਬਾਹਰ ਨਹੀਂ ਸੀ ਕਰ ਸਕੀ। ਉਹ ਰੁਕਦੀ ਰੁਕਦੀ ਬੋਲੀ - "ਮੈਨੂੰ ਰਾਈਡ ਦੀ ਲੋੜ ਨਹੀਂ ਪੈਣੀ। ਮੇਰਾ ਕੋਈ ਨਾ ਕੋਈ ਸੰਬੰਧੀ ਅੱਗੇ ਆਇਆ ਹੋਵੇਗਾ। ਮੈਂ ਟੈਲੀਫੂਨ ਕਰ ਦਿੱਤਾ ਸੀ ਪਰ ਇਕ ਬੱਚੇ ਨੇ ਟੈਲੀਫੂਨ ਤੇ ਗੱਲ ਕੀਤੀ ਸੀ। ਪਤਾ ਨਹੀਂ ਉਹ ਆਪਣੇ ਮਾਪਿਆਂ ਨੂੰ ਦੱਸੇਗਾ ਜਾਂ ਨਹੀਂ। ਕਿਧਰੇ ਭੁੱਲ ਹੀ ਨਾ ਜਾਏ।"

"ਤੁਸੀਂ ਕੋਈ ਫਿਕਰ ਨਾ ਕਰੋ।"

"ਤੁਹਾਨੂੰ ਔਖਾ ਪਵੇਗਾ ਜੇ ਅੱਗੋਂ ਕੋਈ ਨਾ ਆਇਆ ਤਾਂ।"

"ਕੋਈ ਗੱਲ ਨਹੀਂ, ਅੱਵਲ ਤਾਂ ਕੋਈ ਨਾ ਕੋਈ ਆਇਆ ਹੋਵੇਗਾ।"

"ਮੈਨੂੰ ਵੀ ਇਹੋ ਆਸ ਹੈ।"

ਉਸਦੇ ਚਿਹਰੇ ਉਤੋਂ ਡਰ ਦਾ ਪਰਛਾਵਾਂ ਅਲੋਪ ਹੋ ਗਿਆ। ਮੈਂ ਪੁੱਛਿਆ - "ਤੁਹਾਡੇ ਐਕਸੈਂਟ ਤੋਂ ਪਤਾ ਲਗਦਾ ਹੈ ਕਿ ਤੁਸੀਂ ਇੰਗਲੈਂਡ ਵਿਚ ਰਹਿ ਕੇ ਪੜ੍ਹਾਈ ਕੀਤੀ ਹੈ।"

ਮੈਂ ਲੰਡਨ ਤੋਂ ਆਈ ਹਾਂ ਛੁੱਟੀਆਂ ਕੱਟਣ।"

"ਲੰਡਨ ਸ਼ਹਿਰ ਤਾਂ ਬਹੁਤ ਵੱਡਾ ਹੈ।"

"ਅਸੀਂ ਵੈਸਟ ਈਲਿੰਗ ਰਹਿੰਦੇ ਹਾਂ।

"ਇੰਗਲੈਂਡ ਤੇ ਕੈਨੇਡਾ ਵਿਚ ਕੁਝ ਫਰਕ ਦਿਸਿਆ ਹੈ?"

"ਜ਼ਮੀਨ ਆਸਮਾਨ ਦਾ ਫਰਕ।" ਕਹਿ ਕੇ ਉਹ ਅਚਾਨਕ ਚੁੱਪ ਕਰ ਗਈ। ਮੈਂ ਵੀ ਕੋਈ ਸੁਆਲ ਨਾ ਪੁੱਛਿਆ। ਕੁਝ ਚਿਰ ਪਿਛੋਂ ਉਹ ਆਪੇ ਦੱਸਣ ਲੱਗ ਪਈ - ਸਾਡੇ ਬਹੁਤੇ ਸੰਬੰਧੀ ਇੰਗਲੈਂਡ ਤੋਂ ਕੈਨੇਡਾ ਆ ਵਸੇ ਹਨ। ਉਹ ਮੈਨੂੰ ਵੀ ਕੈਨੇਡਾ ਆਉਣ ਦਾ ਉਤਸ਼ਾਹ ਦੇ ਰਹੇ ਹਨ। ਮੇਰੇ ਮਾਪੇ ਨਹੀਂ ਆਉਣਾ ਚਾਹੁੰਦੇ। ਮੈਨੂੰ ਕੈਨੇਡਾ ਬਹੁਤ ਚੰਗਾ ਲੱਗਾ ਹੈ।"

ਮੈਂ ਸੋਚ ਰਿਹਾ ਸਾਂ ਕਿ ਉਹ ਆਪਣੇ ਮਨ ਹੀ ਮਨ ਵਿਚ ਭਰੋਸਾ ਕਰ ਚੁੱਕੀ ਸੀ ਕਿ ਮੈਂ ਇਕ ਅਜਿਹਾ ਪਾਤਰ ਹਾਂ ਜੋ ਉਸ ਦੀ ਹਰ ਗੱਲ ਨੂੰ ਧਿਆਨ ਨਾਲ ਸੁਣਨ ਵਾਸਤੇ ਤਿਆਰ ਬੈਠਾ ਹਾਂ। ਉਸ ਨੇ ਰਸਮੀ ਦਾ ਵਹਿਮ ਛੱਡ ਕੇ ਜ਼ਰਾ ਅੱਗੇ ਝੁਕਦਿਆਂ ਦੱਸਿਆ - "ਮੈਂ ਮੈਡੀਕਲ ਸੈਕ੍ਰੇਟਰੀ ਦਾ ਕੋਰਸ ਖਤਮ ਕਰਕੇ ਆਈ ਹਾਂ।" ਉਹ ਬਾਈਆਂ ਤੇਈਆਂ ਸਾਲਾਂ ਦੀ ਲਗਦੀ ਸੀ। ਸੱਜੇ ਹੱਥ ਦੀ ਗਭਲੀ ਉਂਗਲੀ ਵਿਚ ਉਸ ਦੇ ਅੰਗੂਠੀ ਪਈ ਹੋਈ ਸੀ। ਮੈਂ ਕੋਈ ਅੰਦਾਜ਼ਾ ਨਾ ਲਾ ਸਕਿਆ ਕਿ ਉਹ ਕੁਆਰੀ ਹੈ ਜਾਂ ਵਿਆਹੀ ਹੋਈ। ਇਹ ਖਿਆਲ ਆਉਣ ਤੇ ਮੈਂ ਮੂੰਹ ਬਾਰੀ ਪਾਸੇ ਕਰਕੇ ਉੱਚੇ ਉਠ ਰਹੇ ਪਹਾੜਾਂ ਵੱਲ ਤੱਕਣ ਲੱਗ ਪਿਆ। ਉਸ ਨੇ ਮੇਰਾ ਧਿਆਨ ਆਪਣੇ ਵੱਲ ਖਿੱਚਣ ਲਈ ਉਤਾਵਲੀ ਅਵਾਜ਼ ਵਿਚ ਕਿਹਾ - "ਜੇ ਤੁਸੀਂ ਆਗਿਆ

## • ਸ਼ੋਕ ਸਮਾਚਾਰ •

ਵਤਨੋਂ ਦੂਰ ਦੇ ਐਡਵਾਈਜ਼ਰ ਸ੍ਰੀ ਸੁਰਿੰਦਰ ਧੰਜਲ ਦੇ ਪਿਤਾ ਸ. ਰਤਨ ਸਿੰਘ ਧੰਜਲ ਜੀ ਜਨਵਰੀ 1982 ਵਿਚ ਸੁਰਗਵਾਸ ਹੋ ਗਏ ਹਨ। ਅਦਾਰਾ ਵਤਨੋਂ ਦੂਰ ਇਸ ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਧੰਜਲ ਪਰਿਵਾਰ ਨਾਲ ਇਸ ਦੁਖ ਦੇ ਸਮੇਂ ਵਿਚ ਸ਼ਰੀਕ ਹੁੰਦਾ ਹੈ।

ਇਕ ਤਾਂ ਮੈਂ ਕੁਝ ਸੁਆਲ ਪੁੱਛਾਂ ?"

"ਬੇਸ਼ਕ ਪੁੱਛੋ ਪਰ ਹੋ ਸਕਦਾ ਹੈ ਮੇਰੇ ਪਾਸ ਤੁਹਾਡੇ ਸੁਆਲਾਂ ਦੇ ਜੁਆਬ ਹੋਣ ਹੀ ਨਾ।"

"ਸਾਡੇ ਮਾਪੇ ਧੀਆਂ ਨੂੰ ਕੈਦ ਕਰਕੇ ਰੱਖਦੇ ਹਨ ਪਰ ਮੁੰਡੇ ਜੋ ਵੀ ਕਰਦੇ ਰਹਿਣ ਉਨ੍ਹਾਂ ਨੂੰ ਨਹੀਂ ਰੋਕਦੇ। ਉਹ ਗੋਰੀਆਂ ਕੁੜੀਆਂ ਨਾਲ ਤੁਰੇ ਫਿਰਦੇ ਰਹਿੰਦੇ ਹਨ ਪਰ ਸਾਨੂੰ ਆਪਣੇ ਮੁੰਡਿਆਂ ਨਾਲ ਵੀ ਗੱਲ ਕਰਨ ਨਹੀਂ ਦੇਂਦੇ। ਜੇ ਮੁੰਡਾ ਗੋਰੀ ਵਿਆਹ ਲਿਆਵੇ ਤਾਂ ਅੱਗੋਂ ਤੜਫਦੇ ਹਨ। ਜੇ ਪੰਜਾਬੀ ਮੁੰਡਿਆਂ ਕੁੜੀਆਂ ਨੂੰ ਮੇਲਾਂ ਕਰਨ ਦੀ ਖੁੱਲ੍ਹ ਹੋਵੇ ਤਾਂ ਹੀ ਸਾਡੀ ਕਲਚਰ ਬਚ ਸਕਦੀ ਹੈ।"

ਉਸ ਦੀ ਅੰਤਲੀ ਗੱਲ ਸੁਣ ਕੇ ਮੇਰੀਆਂ ਅੱਖਾਂ ਖੁਸ਼ੀਆਂ ਹੋ ਗਈਆਂ, ਉਸ ਨੇ ਆਪਣੀ ਗੱਲ ਜਾਰੀ ਰੱਖੀ — "ਮੈਨੂੰ ਆਸ ਸੀ ਕਿ ਕੋਈ ਪੰਜਾਬੀ ਮੁੰਡਾ ਲੱਭਾਂਗੀ। ਪਰ ਕੈਨੇਡਾ ਦੇ ਪੰਜਾਬੀ ਮੁੰਡਿਆਂ ਕੁੜੀਆਂ ਦਾ ਹਾਲ ਵੀ ਇੰਗਲੈਂਡ ਦੇ ਪੰਜਾਬੀ ਮੁੰਡਿਆਂ ਕੁੜੀਆਂ ਵਾਲਾ ਹੀ ਹੈ।" ਉਹ ਕੁਝ ਹੋਰ ਕਹਿਣਾ ਚਾਹੁੰਦੀ ਸੀ ਕਿ ਦੋ ਪੰਜਾਬੀ ਨੌਜਵਾਨ ਜੋ ਪਹਿਲੋਂ ਘੂਰ ਘੂਰ ਵੇਖਦੇ ਲੰਘ ਗਏ ਸਨ ਸੱਤ ਸ੍ਰੀ ਅਕਾਲ ਕਹਿ ਕੇ ਮੇਰੇ ਵਾਲੀ ਸੀਟ ਉਤੇ ਬਹਿ ਗਏ। ਉਹ ਝੱਟ ਪੱਟ ਉਠ ਖਲੋਤੀ। ਉਸ ਦੀਆਂ ਨਜ਼ਰਾਂ ਵਿਚ ਡਰ ਤੇ ਗੁੱਸਾ ਦੋਵੇਂ ਘੁਲੇ ਮਿਲੇ ਸਨ। ਉਸ ਦੇ ਮੱਥੇ ਉਤੇ ਤਿਊੜੀ ਸੀ। ਉਸ ਨੇ ਜਾਣ ਲੱਗਿਆਂ ਮੈਨੂੰ ਬਾਏ ਬਾਏ ਵੀ ਨਾ ਕੀਤੀ। ਉਸ ਨੇ ਪਿਛੇ ਮੁੜ ਕੇ ਵੀ ਨਾ ਤੱਕਿਆ। ਦੋਹਾਂ ਨੌਜਵਾਨਾਂ ਦੀਆਂ ਨਜ਼ਰਾਂ ਮੇਰੇ ਵਲੋਂ ਹਟ ਕੇ ਉਸ ਵੱਲ ਲੱਗੀਆਂ ਹੋਈਆਂ ਸਨ। ਉਨ੍ਹਾਂ ਵਿਚੋਂ ਇਕ ਬੋਲਿਆ :- ਅਸਾਂ ਕਿਹਾ ਬੀਬੀ ਅਸੀਂ ਤੈਨੂੰ ਖੈਤ ਦੇ ਦਿਆਂਗੇ। ਉਹ ਮੌਕਾ ਛੱਡ ਕੇ ਤੁਰ ਗਈ।"

ਫਿਰ ਹਉਕਾ ਭਰ ਕੇ ਉਸ ਨੇ ਦੱਸਿਆ — "ਮੇਰੇ ਚਾਚੇ ਦਾ ਪੁੱਤ ਇਕ ਵਿਜ਼ਟਰ ਬਣ ਕੇ ਆਇਆ ਸੀ। ਅਸਾਂ ਸੋਚਿਆ.....।" ਅਜੇ ਉਸ ਦੀ ਗੱਲ ਅਧੂਰੀ ਸੀ ਕਿ ਆਪੋ ਆਪਣੀਆਂ ਕਾਰਾਂ ਵਿਚ ਜਾ ਬੈਠਣ ਦੀ ਹਦਾਇਤ ਹੋ ਗਈ। • • •


# ਅਮਬੀਕਾ ਫੂਡਜ਼

ਵਧੀਆ ਤੇ ਸਸਤੀ ਗਰੌਸਰੀ ਲੈਣ ਲਈ
ਸਾਡੇ ਸਟੋਰ ਵਿਚ ਦਰਸ਼ਨ ਦਿਓ।

**Largest of it's kind in North America**

ਦੂਸਰਿਆ ਦੀ ਸੇਲ ਪ੍ਰਾਈਸ
ਸਾਡੀ ਰੈਗੂਲਰ ਪ੍ਰਾਈਸ ਹੁੰਦੀ ਹੈ।

**British Columbia's Finest Indian Grocery Store**

# 327-0295

5125 VICTORIA
DRIVE VANCOUVER

# Inflation-resistant Insurance

BUS: 682-7531

RES: 254-5837



Sudesh Kalia

**"I've got a plan to help you build a better tomorrow."**

REDUCE YOUR INCOME TAX AND BUILT
A GUARANTEED PENSION

MAKE THAT CALL NOW

**NORTH AMERICAN LIFE**

1010-1090 West Georgia St., Vancouver,

# ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ : ਸੀਮਾਂ ਤੇ ਸੰਭਾਵਨਾ

ਸੁਖਿੰਦਰ

(ਲੜੀ ਜੋੜਨ ਲਈ ਦੇਖੋ ਪਿਛਲਾ ਅੰਕ)

ਵਿਗਿਆਨ ਅਤੇ ਤਕਨਾਲੋਜੀ ਦੀਆਂ ਪ੍ਰਾਪਤੀਆਂ ਜਿੱਥੇ ਮਨੁੱਖ ਦੀ ਜ਼ਿੰਦਗੀ ਨੂੰ ਵਧੇਰੇ ਆਰਾਮਦਾਇਕ ਬਣਾ ਰਹੀਆਂ ਹਨ। ਉਸ ਵਿਚ ਉੱਥੇ ਇਕ ਵਿਸ਼ੇਸ਼ ਤਰ੍ਹਾਂ ਦਾ ਮਾਨਸਿਕ ਖਲਾਅ ਵੀ ਪੈਦਾ ਕਰ ਰਹੀਆਂ ਹਨ। ਜਿਸ ਵਿਚੋਂ ਪੈਦਾ ਹੁੰਦੀ ਹੈ ਬੋਰਡਮ ਅਤੇ ਜਿਸ ਦਾ ਅੰਤ ਹੈ – ਖ਼ੁਦਕੁਸ਼ੀ। ਇਹ ਇਕ ਅਜਿਹੀ ਸਥਿਤੀ ਹੈ ਜਿਸਦਾ ਅਜੇ ਕੋਈ ਸਹੀ ਹੱਲ ਨਹੀਂ ਢੂੰਡਿਆ ਜਾ ਸਕਿਆ। ਜਿਉਂ ਜਿਉਂ ਮਨੁੱਖ ਅਜਿਹੀਆਂ ਮਸ਼ੀਨਾਂ ਬਣਾਉਂਦਾ ਜਾਏਗਾ ਜੋ ਕਿ ਮਨੁੱਖੀ ਕੰਮਾਂ ਵਿਚ ਹੱਥ ਵਟਾਉਣਗੀਆਂ ਤਾਂ ਮਨੁੱਖ ਕੋਲ ਵੱਧ ਤੋਂ ਵੱਧ ਖਾਲੀ ਸਮਾਂ ਹੁੰਦਾ ਜਾਏਗਾ। (ਭਾਵੇਂ ਅਜਿਹੀ ਸਥਿਤੀ ਦਾ ਸਮਾਜਵਾਦੀ ਅਤੇ ਸਾਮਰਾਜਵਾਦੀ ਦੋਹਾਂ ਤਰ੍ਹਾਂ ਦੇ ਸਮਾਜਾਂ ਨੂੰ ਹੀ ਸਾਹਮਣਾ ਕਰਨਾ ਪਵੇਗਾ) ਪੱਛਮੀ ਮਨੁੱਖ ਦੀ ਅਜਿਹੀ ਬੋਰਡਮ ਦੀ ਸਥਿਤੀ ਨੂੰ ਅਜਮੇਰ ਰੋਡੇ ਨੇ ਆਪਣੀ ਇਕ ਨਜ਼ਮ ਵਿੱਚ ਬੜੇ ਪ੍ਰਭਾਵ ਪੂਰਵਕ ਢੰਗ ਨਾਲ ਪੇਸ਼ ਕੀਤਾ ਹੈ:

ਸ਼੍ਰੀਮਤੀ ਸਮਿਥ ਇਕੱਲੀ ਰਹਿੰਦੀ ਹੈ
ਘਰ ਦੀ ਸਫ਼ਾਈ ਕਰਦੀ ਹੈ
ਸਵੈਟਰ ਬੁਣਦੀ ਹੈ
ਮਾਸ ਭੁੰਨ ਕੇ ਖਾਂਦੀ ਹੈ
ਕੁੱਤੇ ਦਾ ਮੂੰਹ ਚੁੰਮਦੀ ਹੈ
ਉਸ ਦੀ ਜੀਭ ਨਾਲ ਜੀਭ ਲਾਉਂਦੀ ਹੈ
ਮੂੰਹ 'ਤੇ ਪਾਊਡਰ ਮਲਦੀ ਹੈ
ਟੈਲੀਵੀਜ਼ਨ ਔਨ ਕਰਦੀ ਹੈ
ਅਖ਼ਬਾਰ ਵਿਚੋਂ ਇਸ਼ਤਿਹਾਰ ਪੜ੍ਹਦੀ ਹੈ
ਬਜ਼ਾਰ ਜਾਂਦੀ ਹੈ – ਸਟੋਰ ਤੋਂ ਸਟੋਰ ਘੁੰਮਦੀ ਹੈ
ਬਿਨਾਂ ਕੁਝ ਖ੍ਰੀਦੇ ਵਾਪਸ ਆ ਜਾਂਦੀ ਹੈ
ਰਾਤ ਨੂੰ ਟੀ.ਵੀ.'ਤੇ ਲੇਟ ਫ਼ਿਲਮਾਂ ਵੇਖਦੀ ਹੈ
ਸੌਂ ਜਾਂਦੀ ਹੈ
ਉੱਠ ਕੇ ਘਰ ਦੀ ਸਫ਼ਾਈ ਕਰਦੀ ਹੈ
ਮਾਸ ਭੁੰਨ ਕੇ ਖਾਂਦੀ ਹੈ
ਕੁੱਤੇ ਦਾ ਮੂੰਹ ਚੁੰਮਦੀ ਹੈ ... ... ...

("ਵੈਨਕੂਵਰ ਦੀ ਸ਼੍ਰੀਮਤੀ ਸਮਿੱਥ" – ਅਜਮੇਰ ਰੋਡੇ)

ਕੈਨੇਡਾ ਦੀ ਨਵੀਂ ਪੰਜਾਬੀ ਕਵਿਤਾ ਵਿੱਚ ਕੁਝ ਕਵਿਤਾ ਅਜਿਹੀ ਵੀ ਹੈ ਜੋ ਕਿ ਦੂਜੀਆਂ ਜ਼ੁਬਾਨਾਂ ਦੇ ਸਾਹਿਤ ਵਾਂਗ ਆਧੁਨਿਕ ਭਾਵ ਬੋਧ ਦਾ ਵੀ ਪ੍ਰਗਟਾ ਕਰਦੀ ਹੈ। ਪਰ ਜਦੋਂ ਕੋਈ ਕਵੀ ਵਿਗਿਆਨਕ ਅਤੇ ਤਕਨਾਲੋਜੀਕਲ ਆਵਿਸ਼ਕਾਰਾਂ ਨੂੰ ਜ਼ਿੰਦਗੀ ਦੇ ਮੁਢਲੇ ਮੁਆਮਲਾਂ ਦੇ ਰੂਬਰੂ ਕਰਦਾ ਹੈ ਤਾਂ ਇਸ ਵਿਰੋਧਾਭਾਸ ਦੀ ਸਥਿਤੀ ਵਿੱਚੋਂ ਇਕ ਸ਼ਕਤੀਸ਼ਾਲੀ ਅਹਿਸਾਸ ਜਾਗਦਾ ਹੈ:

ਯੁਗ ਫੇਰ ਬਦਲ ਗਿਆ ਹੈ
ਚਾਨਣ ਦੇ ਵੇਗ ਨਾਲ ਸੋਚੇਗਾ ਹੁਣ ਮਨੁੱਖ
ਚਾਨਣ ਦੇ ਵੇਗ ਨਾਲ ਤੁਰੇਗਾ
ਚਾਨਣ ਦੇ ਵੇਗ ਨਾਲ ਸੁਣੇਗਾ
... ... ... ... ...
ਫ਼ਿਲਾਸਫ਼ਰ ਦੀ ਸੋਚ ਚਾਨਣ ਦੇ ਵੇਗ ਨਾਲ ਫੈਲੀ
ਤੇ ਉਸ ਨੇ ਹੋਠ ਖੋਲ੍ਹੇ :
ਇਸ ਯੁਗ ਨੂੰ ਮਸ਼ੀਨ ਯੁਗ ਨਹੀਂ ਸੰਚਾਰ ਯੁਗ ਕਹੋ।
... ... ... ... ... ...
ਸਲੱਮ ਦੀ ਸੜ੍ਹਾਂਦ ਵਿਚ ਜੰਮਣ ਵਾਲਾ
ਸੜ੍ਹਾਂਦ ਖਾਣ ਵਾਲਾ
ਸੜ੍ਹਾਂਦ ਵਿਚ ਮਰਨ ਵਾਲਾ ਮਨੁੱਖ
ਤੇ ਚੌਂਕੇ ਤੇ ਸੌਦਾ ਫੇਰਦੀ ਹੋਈ ਔਰਤ
ਕਿਹੜੇ ਯੁਗ ਦੇ ਵਾਸੀ ਹੋਏ?
ਇਸ ਨੂੰ ਪੁੱਛੋ।

("ਫ਼ਿਲਾਸਫ਼ਰ ਨੇ ਐਨਕ ਲਾਹ ਕੇ ਮੇਜ਼ ਤੇ ਰੱਖੀ" – ਅਜਮੇਰ ਰੋਡੇ)

ਇਸ ਨਜ਼ਮ ਵਿਚ ਜਦੋਂ ਅਜਮੇਰ ਰੋਡੇ "ਇਕ ਸੜ੍ਹਾਂਦ ਵਿਚ ਜੰਮਣ, ਸੜ੍ਹਾਂਦ ਖਾਣ ਵਾਲੇ ਅਤੇ ਸੜ੍ਹਾਂਦ ਵਿੱਚ ਮਰਨ ਵਾਲੇ ਮਨੁੱਖ ਨੂੰ ਜਿਸ ਤਰ੍ਹਾਂ ਵਿਗਿਆਨਕ ਤੇ ਤਕਨਾਲੋਜੀਕਲ ਪ੍ਰਾਪਤੀਆਂ ਦੇ ਰੂਬਰੂ ਕਰਦਾ ਹੈ ਤਾਂ ਪਾਠਕ ਦੇ ਮਨ ਵਿੱਚ ਕੋਈ ਕਰੁਣਾਜ ਉਪਭਾਵੁਕਤਾ ਨਹੀਂ ਜਾਗਦੀ ਸਗੋਂ ਇਕ ਅਸਲੀਅਤ (ਯਥਾਰਥ) ਦਾ ਅਹਿਸਾਸ ਹੁੰਦਾ ਹੈ ਕਿ ਜਦੋਂ ਤੱਕ ਵਿਗਿਆਨਕ ਤੇ

ਤਕਨਾਲੋਜੀਕਲ ਪ੍ਰਾਪਤੀਆਂ ਸਾਧਾਰਨ ਮਨੁੱਖ ਦੀਆਂ ਸਾਧਾਰਨ ਜ਼ਰੂਰਤਾਂ ਹੱਲ ਨਹੀਂ ਕਰ ਸਕਦੀਆਂ ਉਦੋਂ ਤੱਕ ਇਨ੍ਹਾਂ ਪ੍ਰਾਪਤੀਆਂ ਦੇ ਕੋਈ ਸਹੀ ਅਰਥ ਨਹੀਂ। ਕਿਸੇ ਵੀ ਸਮਾਜ ਵਿਚ, ਚਾਹੇ ਉਹ ਸਮਾਜਵਾਦੀ ਸਮਾਜ ਹੋਵੇ ਤੇ ਚਾਹੇ ਸਾਮਰਾਜਵਾਦੀ ਸਮਾਜ, ਜਦੋਂ ਤੱਕ ਮਨੁੱਖ ਦੀਆਂ ਮੁੱਢਲੀਆਂ ਲੋੜਾਂ – ਕੁੱਲੀ, ਗੁੱਲੀ, ਜੁੱਲੀ – ਦਾ ਸਾਧਾਰਣ ਮਨੁੱਖ ਦੀ ਪਹੁੰਚ ਤੱਕ ਪ੍ਰਬੰਧ ਨਹੀਂ ਹੋ ਜਾਂਦਾ, ਮਨੁੱਖੀ ਪ੍ਰਾਪਤੀਆਂ ਸਿਰਫ਼ ਉਪਰਲੀ ਸ਼੍ਰੇਣੀ ਦੀ. ਸਿਰਜੀ ਆਜ਼ਾਦੀ ਹੀ ਬਣਕੇ ਰਹਿ ਜਾਣਗੀਆਂ।

ਮਸ਼ੀਨੀ ਸਭਿਆਚਾਰ ਦਾ ਮੂਲ ਆਦਰਸ਼ ਘੱਟ ਤੋਂ ਘੱਟ ਊਰਜਾ/ਮਿਹਨਤ/ਵਸੀਲਿਆਂ ਦੀ ਵਰਤੋਂ ਅਤੇ ਵੱਧ ਤੋਂ ਵੱਧ ਪਦਾਰਥਕ ਪ੍ਰਾਪਤੀਆਂ ਕਰਨਾ ਹੁੰਦਾ ਹੈ। ਇਸ ਮਸ਼ੀਨੀ ਸਭਿਆਚਾਰ ਵਿਚੋਂ ਪੈਦਾ ਹੋਇਆ ਸੰਗੀਤ, ਕਲਾ, ਚਿਤ੍ਰਕਲਾ ਅਤੇ ਸਾਹਿਤ, ਮੂਲ ਰੂਪ ਵਿਚ ਅਜਿਹੇ ਸਭਿਆਚਾਰ ਨਾਲ ਸੰਬੰਧਿਤ ਕਦਰਾਂ ਕੀਮਤਾਂ ਦੀ ਤਰਜਮਾਨੀ/ ਵੈਲਾ ਰੂਪਮਾਨ ਕਰਦਾ ਹੈ। ਪੰਜਾਬੀ ਕਵੀ ਮੂਲ ਤੌਰ ਤੇ ਮਕਾਨਕੀ ਯੁਗ ਵਿਰੋਧੀ ਪ੍ਰਵਿਰਤੀਆਂ ਹਨ। ਪੰਜਾਬੀ ਮਨੁੱਖ ਦਾ ਅਜਿਹੇ ਮਸ਼ੀਨੀ ਸਭਿਆਚਾਰ ਨਾਲ ਵਾਹ ਪੈਣ ਨਾਲ, ਉਹ (ਪੰਜਾਬੀ ਮਨੁੱਖ) ਇਕ ਮਾਨਸਿਕ ਤਣਾਓ ਦੀ ਸਥਿਤੀ ਦਾ ਸਾਹਮਣਾ ਕਰਦਾ ਹੈ। ਅਤੇ ਇਸ ਤਣਾਓ ਦੀ ਸਥਿਤੀ ਵਿੱਚ ਉਸ ਦੀ ਦ੍ਰਿਸ਼ਟੀ ਇਸ ਮਸ਼ੀਨੀ ਸਭਿਆਚਾਰ ਨੂੰ ਹੋਰ ਵੀ ਵਧੇਰੇ ਆਤਮਘਾਤੀ ਰੂਪ ਵਿੱਚ ਦੇਖਣ ਲੱਗਦੀ ਹੈ:

ਲੋਹੇ, ਪੱਥਰ, ਐਲੂਮੀਨੀਅਮ ਤੇ  
ਸ਼ੀਸ਼ੇ ਦੇ ਖਿਆਲਾਂ ਦੀ ਸਬੂਲ  
ਉਤਾਂਹ ਤੱਕ ਹੀ ਸੀਮਿਤ  
ਕੋਈ ਆਤਮਕ ਸੁਗੰਧੀ ਨਾ ਭਾਲਦੀ  
ਨਾ ਹੀ ਕੋਈ ਵਿਸਮਾਦੀ ਛਿਣ  
ਬਸ ਜਿਸਮ ਤੱਕ ਪਹੁੰਚਣ ਦੀ ਲਾਲਸਾ ਪਾਲਦੀ  
ਜਿਸਮ: ਜਿਸ ਹੋਂਦ ਕਦੀ ਨਾ ਆਪਣੀ ਸਿਰਜੀ

("ਜਿਸਮ ਵੱਲ ਭਟਕਦੀ ਨਜ਼ਰ" – ਸੁਰਜੀਤ ਕਲਸੀ)

ਇਸ ਸਭਿਆਚਾਰਕ ਤਣਾਓ ਦੇ ਨਾਲ ਨਾਲ ਪੰਜਾਬੀ ਕਵੀ ਕਦੀ ਕਦੀ ਸਮਾਜਿਕ ਤਣਾਓ ਨੂੰ ਵੀ ਆਪਣੀ ਕਾਵਿ ਕਿਰਤੀ ਦਾ ਅੰਗ ਬਣਾਉਂਦਾ ਹੈ। ਇਹ ਤਣਾਓ, ਇਸ ਨਵੇਂ ਸਮਾਜ ਵਿੱਚ ਵਿਚਰਦੇ ਰੰਗ, ਕੌਮ, ਅਤੇ ਨਸਲੀ ਵਿਤਕਰੇ ਦੇ ਅਹਿਸਾਸ ਵਿੱਚੋਂ ਪੈਦਾ ਹੋਈ ਸਥਿਤੀ ਦਾ ਪ੍ਰਗਟਾ ਹੈ। ਇਸ ਕਿਸਮ ਦੇ ਤਣਾਓ ਦੀ ਸਥਿਤੀ ਵਿਚੋਂ ਇੰਗਲੈਂਡ ਦਾ, ਬਰਤਾਨੀਆ, ਅਮਰੀਕਾ, ਅਤੇ ਕੈਨੇਡਾ ਵਰਗੇ ਮੁਲਕਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਕਾਫ਼ੀ ਡੂੰਘਾ ਅਹਿਸਾਸ ਹੈ। ਭਾਵੇਂ, ਇਸ ਤਰ੍ਹਾਂ ਦੇ ਵਿਤਕਰੇ ਨਾਲ ਮਿਲਦਾ ਜੁਲਦਾ ਅਹਿਸਾਸ ਤਾਂ ਭਾਰਤੀ ਸਮਾਜ ਵਿਚ ਹੁਣ ਤੱਕ ਇਕ ਰੀੜ੍ਹ ਦੀ ਹੱਡੀ ਵਾਂਗ ਪੱਸਰਿਆ ਹੋਇਆ ਹੈ। ਅਜਿਹੇ ਵਿਤਕਰੇ ਦਾ ਪ੍ਰਗਟਾ ਭਾਰਤੀ ਸਮਾਜ ਵਿੱਚ ਜ਼ਾਤ ਪਾਤ ਅਤੇ ਧਰਮ ਦੇ ਨਾਮ ਉੱਤੇ ਸਾਹਮਣੇ ਆਉਂਦਾ ਹੈ। (ਇਹ ਭਾਰਤੀ ਚਾਹੇ ਹਿੰਦੁਸਤਾਨ ਵਿੱਚ ਰਹਿ ਰਹੇ ਹੋਣ ਜਾਂ ਕੈਨੇਡਾ ਜਾਂ ਕਿਸੇ ਹੋਰ ਮੁਲਕ ਵਿਚ ਇਨ੍ਹਾਂ ਦਾ ਹਰ ਥਾਂ ਇਹੋ ਹਾਲ ਹੈ)। ਕਵੀ ਸਾਧੂ ਅਤੇ ਅਜਮੇਰ ਰੋਡੇ ਜਦੋਂ ਪੱਛਮੀ ਮੁਲਕਾਂ ਵਿਚ ਫੈਲੇ ਅਜਿਹੇ ਸਮਾਜਿਕ ਕੋਹੜ ਦਾ ਜ਼ਿਕਰ ਕਰਦੇ ਹਨ ਤਾਂ ਇੰਜ ਜਾਪਦਾ ਹੈ ਜਿਵੇਂ ਕਿਤੇ ਅਜਿਹਾ ਅਨੁਭਵ ਇਨ੍ਹਾਂ ਕਵੀਆਂ ਦਾ ਕਾਵਿ ਅਨੁਭਵ ਹੋਣ ਦੀ ਥਾਂ ਇਕ ਭਾਵੁਕ ਸਥਿਤੀ ਦੀ ਉਪਜ ਹੋਵੇ। ਕਿਉਂਕਿ ਇਨ੍ਹਾਂ ਕਵੀਆਂ ਦੀ ਕਵਿਤਾ ਵਿੱਚ ਸਾਰੇ ਦੇ ਸਾਰੇ ਪੱਛਮੀ ਸਮਾਜ ਨੂੰ ਅਜਿਹੇ ਵਿਤਕਰੇ ਲਈ ਨਿੰਦਿਆ ਗਿਆ ਹੈ ਪਰ ਕਿਤੇ ਵੀ ਇਨ੍ਹਾਂ ਕਵੀਆਂ ਨੇ ਭਾਰਤੀ ਸਮਾਜ (ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਜਾਂ ਕਿਤੇ ਹੋਰ) ਵਿਚਲੇ ਵਿਤਕਰੇ ਨੂੰ ਕਵਿਤਾ ਦਾ ਵਿਸ਼ਾ ਨਹੀਂ ਬਣਾਇਆ। ਸ਼ਾਇਦ ਇਹ ਕਵੀ ਭਾਰਤੀ ਸਮਾਜ ਵਿਚਲੇ ਵਿਤਕਰੇ ਨੂੰ ਭਾਰਤੀ ਸਭਿਆਚਾਰ ਦਾ ਹੀ ਇਕ ਅੰਗ ਮੰਨਕੇ ਸਵੀਕਾਰ ਕਰ ਚੁੱਕੇ ਹੋਣ:

(1) ਸਰੀਰ ਨਾਲ ਟਕਰਾਉਂਦੇ ਹਨ  
ਜਦ ਨਸਲੀ ਹਵਾ ਦੇ ਬੁੱਲੇ  
ਜੀਵਨ-ਸ਼ਕਤੀ ਦੇ ਮਰਨ ਦਾ  
ਅਹਿਸਾਸ ਜੰਮਦਾ ਹੈ

("ਗੁੱਸਾ" – ਸਾਧੂ)

(2) ਪਰ ਜਦੋਂ ਉਹ ਘਰ ਤੋਂ ਬਾਹਰ ਖੜੇਗਾ  
ਅਤੇ ਬਾਹਰ ਤੋਂ ਮਨੁੱਖ  
ਇਕ ਇਕ ਅਚਾਨਕ ਹੀ ਉਸ ਨੂੰ  
ਇਹ ਸੱਚ ਪ੍ਰਗਟ ਹੋਵੇਗਾ –  
ਉਸ ਨੂੰ ਤਾਂ ਕੋਈ ਜਾਣਦਾ ਹੀ ਨਹੀਂ  
ਲੋਕ ਤਾਂ ਕੇਵਲ ਉਸ ਉੱਤੇ ਲੱਗੇ  
ਲੇਬਲਾਂ ਨੂੰ ਹੀ ਜਾਣਦੇ ਹਨ।

("ਲੇਬਲ" – ਅਜਮੇਰ ਰੋਡੇ)

ਸੂਫ਼ੀ ਅਮਰਜੀਤ ਆਪਣੀ ਕਵਿਤਾ "ਅਸੀਂ ਮਨੁੱਖ ਹੋਵਾਂਗੇ" ਵਿਚ ਇਹ ਗੱਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸੇ ਵੀ ਸਮਾਜ ਵਿਚ ਸਾਰੇ ਦੇ ਸਾਰੇ ਲੋਕ ਮਾੜੇ ਨਹੀਂ ਹੁੰਦੇ। ਨਸਲੀ ਵਿਤਕਰੇ ਪਿੱਛੇ ਤਾਂ ਸਿਰਫ਼ ਕੁਝ ਨਸਲਵਾਦੀ ਆਪਣੇ ਜ਼ਾਤੀ ਮੁਫ਼ਾਦ ਲਈ ਕੰਮ ਕਰ ਰਹੀਆਂ ਹੁੰਦੀਆਂ ਹਨ। ਜਿਵੇਂ ਕਿ ਕੂ ਕਲੱਕਸ ਕਲੈਨ, ਵੈਸਟਰਨ ਗਾਰਡਜ਼, ਅਤੇ ਸਕਿਨ ਹੈਡਜ਼ ਵਰਗੀਆਂ ਨਿਓ-ਨਾਜ਼ੀ ਨਸਲਵਾਦੀ ਚਿੱਟੇ ਅਤੇ ਰੰਗਦਾਰ ਲੋਕਾਂ ਵਿਚ ਪਾੜਾ ਪਾਉਂਦੀਆਂ ਹਨ:

ਪਰ ਆਮ ਚਿੱਟੇ ਲੋਕ ਮਾੜੇ ਨਹੀਂ ਹੁੰਦੇ
ਸਾਡਾ ਗੁਆਂਢੀ 'ਜੌਨੀ'
ਚਿੱਟੇ-ਕਾਲੇ ਸਾਰੇ ਬੱਚਿਆਂ ਨੂੰ
ਹਾਕਾਂ ਮਾਰ ਮਾਰ ਸੱਦ ਲੈਂਦਾ ਹੈ
ਕੋਈ ਉਸ ਦੇ ਮੋਢੇ ਚੜ੍ਹਦਾ ਹੈ
ਕੋਈ ਲੱਤ ਨੂੰ ਚੰਬੜ ਖੜ੍ਹਦਾ ਹੈ
ਬਿਸਕੁਟ ਤੇ ਮਿੱਠੀਆਂ ਗੋਲੀਆਂ ਸਾਰੇ
ਉਸਦੇ ਖੀਸੇ ਵਿਚ ਢੂੰਡੇ ਮਾਰਦੇ
ਸਾਰੇ ਖੋਹਦੇ ਰਹਿੰਦੇ ਹਨ। ('ਅਸੀਂ ਮਨੁੱਖ ਹੋਵਾਂਗੇ'— ਸੂਫ਼ੀ ਅਮਰਜੀਤ)

ਰੰਗ, ਨਸਲ, ਕੌਮ, ਮਜ਼ਹਬ ਆਦਿ ਦਾ ਵਿਤਕਰਾ ਅਸਲ ਵਿੱਚ ਪੂੰਜੀਪਤੀ ਵਰਗ ਦਾ ਹੀ ਸ਼ੋਸ਼ਨ ਹੈ। ਕੂ ਕਲੱਕਸ ਕਲੈਨ, ਸਵਿਨ ਗਾਰਡ, ਵੈਸਟਰਨ ਗਾਰਡਜ਼ ਵਰਗੀਆਂ ਸੰਸਥਾਵਾਂ ਪੂੰਜੀਪਤੀ ਵਰਗ ਦਾ ਹੀ ਪੱਖ ਪੂਰਦੀਆਂ ਹਨ। ਅਜਿਹੇ ਵਿਤਕਰੇ ਦਾ ਕਿਸੇ ਧਰਤੀ, ਕਿਸੇ ਸਮਾਜ, ਕਿਸੇ ਵੀ ਸਭਿਆਚਾਰ ਵਿਚ ਸਖ਼ਤੀ ਨਾਲ ਵਿਰੋਧ ਹੋਣਾ ਚਾਹੀਦਾ ਹੈ। ਪੂੰਜੀਪਤੀ ਸਦਾ ਲੋਕਾਂ ਨੂੰ ਵੰਡ ਕੇ ਰੱਖਣ ਵਿਚ ਹੀ ਭਲਾ ਸਮਝਦੇ ਹਨ। ਇਸੇ ਲਈ ਪੂੰਜੀਪਤੀ ਪ੍ਰਧਾਨ ਸਰਕਾਰਾਂ ਅਤੇ ਪੂੰਜੀਪਤੀ ਵਰਗ, ਗੋਰੇ-ਕਾਲੇ, ਆਦਮੀ-ਔਰਤ, ਅਤੇ ਵੱਖੋ ਵੱਖ ਕੌਮਾਂ ਦੇ ਲੋਕਾਂ ਵਿਚ ਫ਼ਰਕ ਪੈਦਾ ਕਰਦੇ ਹਨ। ਪੂੰਜੀਪਤੀ, ਮਜ਼ਦੂਰ ਨੂੰ ਮਜ਼ਦੂਰ ਦੇ ਸੰਗ, ਔਰਤ ਨੂੰ ਮਰਦ ਦੇ ਸੰਗ ਅਤੇ ਇਕ ਕੌਮ ਦੇ ਬੰਦਿਆਂ ਨੂੰ ਦੂਜੀ ਕੌਮ ਦੇ ਬੰਦਿਆਂ ਸੰਗ ਲੜਾਉਂਦਾ ਹੈ। ਸੂਫ਼ੀ ਅਮਰਜੀਤ ਇਸ ਨੁਕਤੇ ਨੂੰ, ਕਾਵਿ-ਰੂਪ ਵਿਚ, ਹੋਰ ਵਧੇਰੇ ਸਪਸ਼ਟਤਾ ਪ੍ਰਦਾਨ ਕਰਦਾ ਹੈ:

ਆਓ! ਦੋ ਪਾੜਿਆਂ 'ਚ ਵੰਡੇ ਰਹੀਏ
- ਨਫ਼ਰਤ ਵੇਚਣ ਵਾਲਿਆਂ ਤੇ
- ਨਫ਼ਰਤ ਖਰੀਦਣ ਵਾਲਿਆਂ ਵਿੱਚ
ਸਪਸ਼ਟ ਲਕੀਰ ਖਿੱਚੀਏ।
ਫਿਰ ਪੂਰਬ ਰਹੀਏ ਜਾਂ ਪੱਛਮ
ਕਨੇਡਾ ਰਹੀਏ ਜਾਂ ਇੰਡੀਆ ਜਾਂ ਹੋਰ ਕਿਤੇ
ਪੰਜਾਬੀ ਜਾਂ ਅੰਗਰੇਜ਼ੀ ਬੋਲੀਏ
ਚਿੱਟੇ ਹੋਈਏ ਜਾਂ ਕਾਲੇ
ਸਭਨਾਂ ਉਪਰ ਇੱਕੋ ਲੋਟੂ ਵਰਗ
ਚੜ੍ਹਿਆ ਲਾਹ ਲਈਏ
ਫਿਰ ਇਨਸਾਨਤ ਦੇ ਰਾਜ ਹੇਠਾਂ,
— ਅਸੀਂ ਮਨੁੱਖ ਹੋਵਾਂਗੇ। ("ਅਸੀਂ ਮਨੁੱਖ ਹੋਵਾਂਗੇ"— ਸੂਫ਼ੀ ਅਮਰਜੀਤ)

ਇਸ ਕਵਿਤਾ ਵਿਚ ਸੂਫ਼ੀ ਅਮਰਜੀਤ ਵੱਲੋਂ ਪੇਸ਼ ਕੀਤੇ ਗਏ ਇਸ ਸਿਧਾਂਤਕ ਸਮਾਧਾਨ ਨਾਲ ਤਾਂ ਭਾਵੇਂ ਕਿਸੇ ਦਾ ਮਤਭੇਦ ਹੋ ਸਕਦਾ ਹੈ ਪਰ ਇਸ ਸਮੱਸਿਆ ਦੇ ਜਿਨ੍ਹਾਂ ਮੂਲ ਕਾਰਨਾਂ ਵੱਲ ਉਹ ਸੰਕੇਤ ਕਰਦਾ ਹੈ ਉਸ ਬਾਰੇ ਸ਼ਾਇਦ ਦੋ ਰਾਵਾਂ ਨਾ ਹੋਣ!

ਪੂੰਜੀਪਤੀ ਵਰਗ ਵੱਲੋਂ ਅਪਣਾਏ ਗਏ ਅਜਿਹੇ ਵਿਤਕਰੇ ਦਾ ਸਰੂਪ ਇਕ ਅਜੀਬ ਕਿਸਮ ਦੇ ਵਿਰੋਧਾਭਾਸ ਦਾ ਸ਼ਿਕਾਰ ਹੈ। ਇਕ ਅਜੀਬ ਕਿਸਮ ਦੇ ਵਿਰੋਧਾਭਾਸ ਅਧੀਨ ਇਕ ਪਾਸੇ ਤਾਂ ਉਹ ਆਦਮੀ ਅਤੇ ਔਰਤ, ਗੋਰੇ ਅਤੇ ਕਾਲੇ, ਏਸ਼ੀਅਨ ਅਤੇ ਯੋਰਪੀਅਨ ਵਿਚ ਭੇਤ ਪੈਦਾ ਕਰਦਾ ਹੈ ਪਰ ਦੂਜੇ ਪਾਸੇ ਇਕ ਮਜ਼ਦੂਰ ਜਾਂ ਕਾਰੀਗਰ ਨੂੰ ਲੁੱਟਣ ਵਿਚ ਕੋਈ ਭਿੰਨ ਭੇਤ ਨਹੀਂ ਰਖਦਾ। ਇਸ ਸਮੇਂ ਪੂੰਜੀਪਤੀ ਦੀ ਨਜ਼ਰ ਵਿੱਚ ਤਾਂ ਜਾਨਵਰ ਅਤੇ ਆਦਮੀ ਵਿਚ ਵੀ ਕੋਈ ਫ਼ਰਕ ਨਹੀਂ ਹੁੰਦਾ:

ਨਾ ਅਰਬੀ ਘੋੜਿਆਂ 'ਚੋਂ ਹੀ ਉਸਦੀ ਨਸਲ ਸੀ
ਤੇ ਨਾ ਹੀ ਸੱਤ ਵਾਲੇ ਕਿਸੇ ਪਸ਼ੂ ਦੀ ਹੀ
ਆਦਰ ਦੀ ਘੁਰਕੀ ਤੋਂ
ਉਹ ਸਭ ਸਮਝਦਾ ਸੀ
ਲੋਹੇ ਦੇ ਬਾਹਾਂ ਵਿਚ ਦੱਬ ਕਿੱਥੇ
ਮੰਡੀ 'ਚ ਤਾਂ ਰੰਗੀ ਨਸਲ ਦਾ ਮੁੱਲ ਹੁੰਦਾ ਹੈ
ਭੇਡ, ਬੱਕਰੀ, ਘੋੜਾ ਜਾਂ ਖੱਚਰ — ਕੋਈ ਵੀ ਹੋਵੇ।
("ਤਬੇਲੇ ਵਿਚ ਆਦਮੀ"— ਸੁਖਿੰਦਰ)

(ਚਲਦਾ)

# ਦੂਜਾ ਵਿਸ਼ਵ ਪੰਜਾਬੀ ਸੰਮੇਲਨ ?

ਅਜਮੇਰ ਰੋਡੇ, ਵੈਨਕੂਵਰ

ਇੰਗਲੈਂਡ ਵਿਚ ਪਹਿਲੇ ਵਿਸ਼ਵ ਪੰਜਾਬੀ ਸੰਮੇਲਨ (22 ਜੂਨ 1980) ਦੀ ਸਮਾਪਤੀ ਉਤੇ, ਅੱਗੋਂ ਇਕ ਕੌਮਾਂਤਰੀ ਤਾਲਮੇਲ ਕਮੇਟੀ ਕਾਇਮ ਕੀਤੀ ਗਈ ਸੀ, ਜਿਸ ਨੇ ਆਰਜ਼ੀ ਤੌਰ ਤੇ ਇਹ ਫੈਸਲਾ ਕਰ ਦਿੱਤਾ ਕਿ, 'ਦੂਜਾ ਵਿਸ਼ਵ ਸੰਮੇਲਨ' ਕੈਨੇਡਾ, ਸਿੰਗਾਪੁਰ, ਜਾਂ ਕੀਨੀਆਂ ਵਿਚ ਕੀਤਾ ਜਾਏ ।

ਕਨੇਡਾ ਵਿਚ ਦੂਜਾ ਵਿਸ਼ਵ ਪੰਜਾਬੀ ਸੰਮੇਲਨ ਹੋਣਾ ਚਾਹੀਦਾ ਹੈ ਜਾਂ ਨਹੀਂ? ਇਸ ਸਵਾਲ ਉੱਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਵਿਚ ਸੱਤ ਅੱਠ ਮਹੀਨੇ ਚਰਚਾ ਚਲਦਾ ਰਿਹਾ, ਬਹਿਸਾਂ ਛਿੜਦੀਆਂ ਰਹੀਆਂ ਅਤੇ ਵਿਸ਼ਲੇਸ਼ਣ ਹੁੰਦਾ ਰਿਹਾ । ਅੰਤ ਬਹੁਗਿਣਤੀ ਲੇਖਕਾਂ ਦੀ ਰਾਇ ਨਿੱਖਰ ਕੇ ਸਾਹਮਣੇ ਆਈ, ਜਿਸ ਅਨੁਸਾਰ ਦੂਜਾ ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿਚ ਨਹੀਂ ਹੋਣਾ ਚਾਹੀਦਾ । ਇਹ ਫੈਸਲਾ ਅੱਡ ਅੱਡ ਰੂਪਾਂ ਵਿਚ ਕੈਨੇਡਾ ਦੇ ਅਖਬਾਰਾਂ, ਰਿਸਾਲਿਆਂ ਵਿਚ ਛਪਿਆ, ਅਤੇ ਕੌਮਾਂਤਰੀ ਤਾਲਮੇਲ ਕਮੇਟੀ ਦੇ ਦੋ ਕਨੇਡੀਅਨ ਮੈਂਬਰਾਂ, (ਗੁਰਚਰਨ ਰਾਮਪੁਰੀ ਅਤੇ ਅਜਮੇਰ ਰੋਡੇ) ਵਲੋਂ ਇਕ ਚਿੱਠੀ ਰਾਹੀਂ ਤਾਲਮੇਲ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਪ੍ਰੀਤਮ ਸਿੰਘ ਪੀ. ਸੀ. ਐਸ. ਨੂੰ ਚੰਡੀਗੜ੍ਹ ਪਹੁੰਚਾਇਆ ਗਿਆ । ਪ੍ਰੀਤਮ ਸਿੰਘ ਨੇ ਸ਼ੁਰੂ ਵਿਚ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਪਰ ਕਿਉਂਕਿ ਕੈਨੇਡਾ ਦੇ ਇਕ ਲੇਖਕ ਨੇ ਵੀ ਲਿਖਤੀ ਰੂਪ ਵਿਚ ਇਸ ਫੈਸਲੇ ਦਾ ਵਿਰੋਧ ਨਹੀਂ ਕੀਤਾ ਸੀ, ਇਸ ਲਈ ਪ੍ਰੀਤਮ ਸਿੰਘ ਨੇ ਵੀ ਅੰਤ ਇਸ ਫੈਸਲੇ ਨੂੰ ਸਵੀਕਾਰ ਕਰ ਲਿਆ ਸੀ ਤੇ ਇਸ ਦੇ ਨਾਲ ਹੀ ਦੂਜੇ ਵਿਸ਼ਵ ਪੰਜਾਬੀ ਸੰਮੇਲਨ ਦੇ ਕੈਨੇਡਾ ਵਿਚ ਕਰਵਾਉਣ ਦੇ ਸਵਾਲ ਦਾ ਖਾਤਮਾ ਹੋ ਗਿਆ ਸੀ ।

ਦੂਜਾ ਵਿਸ਼ਵ ਪੰਜਾਬੀ ਸੰਮੇਲਨ ਕਨੇਡਾ ਵਿਚ ਨਾ ਕਰਵਾਉਣ ਦੇ ਫੈਸਲੇ ਦੇ ਬਾਵਜੂਦ ਹੁਣ ਪ੍ਰੀਤਮ ਸਿੰਘ ਦੀ ਸੂਚਨਾ ਅਨੁਸਾਰ ਦੂਜਾ ਵਿਸ਼ਵ ਪੰਜਾਬੀ ਸੰਮੇਲਨ ਜੂਨ 1982 ਵਿਚ ਆਟਵਾ ਵਿਖੇ ਹੋ ਰਿਹਾ ਹੈ ਤੇ ਇਹ ਕੈਨੇਡਾ ਦੇ ਅੰਗ੍ਰੇਜ਼ੀ ਵਿਚ ਲਿਖਣ ਵਾਲੇ ਇਕ ਲੇਖਕ; ਸਟੀਫਨ ਗਿੱਲ ਦੇ ਸਹਿਯੋਗ ਨਾਲ ਹੋ ਰਿਹਾ ਹੈ । ਇਸ 'ਪੱਕਾ ਪ੍ਰੋਗਰਾਮ' ਬਨਣ ਸਬੰਧੀ ਕੈਨੇਡਾ ਦੇ ਕਈ ਪੰਜਾਬੀ ਲੇਖਕਾਂ ਦੇ ਤਿੱਖੇ ਪ੍ਰਤੀਕਰਮ ਛਪ ਚੁੱਕੇ ਹਨ ਅਤੇ ਹੋਰ ਛਪ ਰਹੇ ਹਨ । ਕੌਮਾਂਤਰੀ ਤਾਲਮੇਲ ਕਮੇਟੀ ਦੇ ਮੈਂਬਰ ਹੋਣ ਕਰਕੇ ਗੁਰਚਰਨ ਰਾਮਪੁਰੀ ਅਤੇ ਮੇਰੇ ਨਾਲ ਵਿਸ਼ਵ ਪੰਜਾਬੀ ਸੰਮੇਲਨ ਸਬਧੀ ਢੇਰ ਸਾਰਾ ਚਿੱਠੀ ਪੱਤਰ ਹੋਇਆ ਹੈ । ਹੁਣ ਦੀ ਭੰਬਲਭੂਸਲ ਸਥਿਤੀ ਅਤੇ ਨਵੰਬਰ/ਦਸੰਬਰ ਦੇ 'ਵਤਨੋਂ ਦੂਰ' ਵਿਚ ਸਾਧੂ ਵਲੋਂ ਉਠਾਏ ਗਏ ਪ੍ਰਸ਼ਨਾਂ ਦੀ ਰੋਸ਼ਨੀ ਵਿਚ ਇਹ ਜ਼ਰੂਰੀ ਬਣ ਗਿਆ ਹੈ ਕਿ, ਮੈਂ ਦੋਸਤ ਲੇਖਕਾਂ ਅੱਗੇ ਸੰਮੇਲਨ ਸਬੰਧੀ ਮੇਰੇ ਨਾਲ ਹੋਈ ਚਿੱਠੀ ਪੱਤਰ ਦਾ ਸਾਰਅੰਸ਼ ਪੇਸ਼ ਕਰਾਂ ਅਤੇ ਆਪਣੀ ਰਾਏ ਦੁਹਰਾਵਾਂ, ਤਾਂ ਜੋ ਅੱਗੋਂ ਨੂੰ ਕੋਈ ਭੁਲੇਖਾ ਨਾ ਰਹੇ ।

## 1 ਪਿਛੋਕੜ:

ਆਪਣੀ ਸਭ ਤੋਂ ਪਹਿਲੀ ਚਿੱਠੀ (7 ਅਗਸਤ 1980) ਵਿਚ ਪ੍ਰੀਤਮ ਸਿੰਘ ਨੇ ਇੰਗਲੈਂਡ ਵਿਚ ਹੋਏ ਫੈਸਲੇ ਸੰਬੰਧੀ ਲਿਖਿਆ:

"ਤਾਲਮੇਲ ਕਮੇਟੀ ਦੀ ਮੀਟਿੰਗ ਵਿਚ ਸਰਸਰੀ ਤੌਰ ਤੇ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਅਗਲਾ ਸਮਾਗਮ ਕੈਨੇਡਾ, ਸਿੰਗਾਪੁਰ ਜਾਂ ਕੀਨੀਆ ਵਿਚ ਕੀਤਾ ਜਾਵੇ । ਹੁਣ ਵੇਖਣਾ ਇਹ ਹੈ ਕਿ ਇਸ ਵਿਚ ਪਹਿਲ ਕਿਸ ਵਲੋਂ ਹੁੰਦੀ ਹੈ । ਮੇਰਾ ਖਿਆਲ ਹੈ ਕਿ ਜੇਕਰ ਤੁਸੀਂ ਸਾਰੇ ਰਲ ਕੇ ਹੰਭਲਾ ਮਾਰੋ ਤਾਂ ਅਗਲਾ ਸਮਾਗਮ ਕੈਨੇਡਾ ਵਿਚ ਹੋ ਸਕਦਾ ਹੈ ।"

ਭਾਵੇਂ ਪਹਿਲ ਕਰਨ ਵਾਲੀ ਗੱਲ ਬੜੀ ਓਪਰੀ ਜਿਹੀ ਲੱਗੀ ਸੀ ਕਿ ਅਗਲਾ ਸੰਮੇਲਨ ਕੈਨੇਡਾ ਦੀਆਂ ਸਾਹਿਤਕ ਅਤੇ ਸਭਿਆਚਾਰਕ ਸਥਿਤੀਆਂ ਨੂੰ ਵਿਚਾਰ ਕੇ ਹੋਣਾ ਚਾਹੀਦਾ ਹੈ ਜਾਂ ਕੇਵਲ ਪਹਿਲ ਦੇ ਆਧਾਰ ਤੇ ਹੀ, ਫੇਰ ਵੀ ਤਾਲਮੇਲ ਕਮੇਟੀ ਦੀ ਪੇਸ਼ਕਸ਼ ਨੂੰ ਗੰਭੀਰਤਾ ਨਾਲ ਲੈਂਦਿਆਂ ਮੈਂ ਅਗਸਤ/ਸਤੰਬਰ ਦੇ 'ਵਤਨੋਂ ਦੂਰ' (ਸੰਪਾਦਕੀ) ਰਾਹੀਂ ਇਸ ਨੂੰ ਕਨੇਡੀਅਨ ਲੇਖਕਾਂ ਸਾਹਮਣੇ ਰੱਖਿਆ ਅਤੇ ਇਸ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਦਾ ਸੱਦਾ ਦਿੱਤਾ । ਇਸ ਦੇ ਪ੍ਰਤੀਕਰਮ ਵਜੋਂ ਲਿਖਤੀ ਰੂਪ ਵਿਚ ਇਕ ਵੀ ਚਿੱਠੀ ਨਹੀਂ ਆਈ, ਜਿਸ ਤੋਂ ਲਗਦਾ ਸੀ ਕਿ ਕਨੇਡੀਅਨ ਲੇਖਕ ਸੰਮੇਲਨ ਪ੍ਰਤੀ ਬਹੁਤੇ ਉਤਸ਼ਾਹਤ ਨਹੀਂ । ਸੰਮੇਲਨ ਦੇ ਸਬੰਧ ਵਿਚ ਪਹਿਲੀ ਮੀਟਿੰਗ 'ਇੰਡੋ - ਕਨੇਡੀਅਨ ਟਾਇਮਜ਼' ਦੇ ਸੰਪਾਦਕ, ਸ. ਤਾਰਾ ਸਿੰਘ ਹੇਅਰ ਦੇ ਘਰ, ਸੰਤ ਸਿੰਘ ਸੇਖੋਂ ਜੀ ਨਾਲ ਹੋਈ, ਜਿਸ ਵਿਚ ਗੁਰਚਰਨ ਰਾਮਪੁਰੀ, ਤਾਰਾ ਸਿੰਘ ਹੇਅਰ, ਪਾਲ ਬਿਨਿੰਗ, ਸਾਧੂ ਅਤੇ ਅਜਮੇਰ ਰੋਡੇ ਸ਼ਾਮਲ ਸਨ.। ਇਸ ਪਿੱਛੋਂ ਗੁਰਦਿਆਲ ਸਿੰਘ ਨਾਵਲਿਸਟ, ਡਾਕਟਰ ਸਤਿੰਦਰ ਨੂਰ ਅਤੇ ਗੁਰਮੀਤ ਪਲਾਹੀ ਨਾਲ ਪਹਿਲੇ ਅਤੇ ਦੂਜੇ ਵਿਸ਼ਵ ਸੰਮੇਲਨ ਦੇ ਸਬੰਧ ਵਿਚ ਵਿਚਾਰ ਵਟਾਂਦਰਾ ਹੋਇਆ । 'ਵਤਨੋਂ ਦੂਰ' ਅਤੇ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ' (ਵੈਨਕੂਵਰ) ਦੀਆਂ ਮੀਟਿੰਗਾਂ ਵਿਚ ਸਰਸਰੀ ਤੌਰ ਉਤੇ ਸੰਮੇਲਨ ਸੰਬੰਧੀ ਗੱਲਬਾਤ ਹੁੰਦੀ ਸੀ । ਓਂਟੇਰੀਓ ਵਿਚ ਸੁਖਿੰਦਰ, ਇਕਬਾਲ, ਸੁਰਿੰਦਰ ਧੰਜਲ, ਗੁਰਦੀਪ ਚੌਹਾਨ (ਸੰਪਾਦਕ ਪ੍ਰਦੇਸੀ ਪੰਜਾਬ) ਅਤੇ ਨਵਤੇਜ ਭਾਰਤੀ ਨਾਲ ਫੋਨ ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ (ਇਕਬਾਲ ਅਤੇ ਗੁਰਦੀਪ ਚੌਹਾਨ ਮਿਲੇ ਨਹੀਂ) ਸਮੇਂ ਸਮੇਂ ਗੁਰਚਰਨ ਰਾਮਪੁਰੀ ਨਾਲ ਸੂਚਨਾ ਦਾ ਵਟਾਂਦਰਾ ਹੋਇਆ ਤੇ ਫੋਨ ਰਾਹੀਂ ਰਵਿੰਦਰ ਰਵੀ ਨਾਲ ਗੱਲਬਾਤ । ਪਰ ਇਥੇ ਮੈਂ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਤਾਲਮੇਲ ਕਮੇਟੀ ਦੇ ਕਨੇਡੀਅਨ ਮੈਂਬਰਾਂ ਵਲੋਂ ਕੋਈ ਵੱਡੇ ਪੈਮਾਨੇ ਉਤੇ ਇਸ ਸੰਬੰਧ ਵਿਚ ਮੀਟਿੰਗਾਂ ਆਯੋਜਤ ਨਹੀਂ ਕੀਤੀਆਂ ਗਈਆਂ ਕਿਉਂਕਿ ਕਨੇਡੀਅਨ ਲੇਖਕਾਂ ਨੇ ਅਜਿਹੀਆਂ ਮੀਟਿੰਗਾਂ ਲਈ ਉਤਸ਼ਾਹ ਨਹੀਂ ਦਿਖਾਇਆ । ਨਾ ਹੀ ਮੈਂਬਰਾਂ ਵਲੋਂ ਸੰਮੇਲਨ ਦੇ ਹੱਕ ਰਾਏ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਗਏ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਬਹੁਗਿਣਤੀ ਲੇਖਕਾਂ ਦੀ ਸਹੀ ਰਾਏ ਧੁੰਦਲੀ ਹੋ ਜਾਣੀ ਸੀ ਅਤੇ ਲੇਖਕਾਂ ਵਿਚ ਡੂੰਘੀਆਂ ਤ੍ਰੇੜਾਂ ਪੈਣ ਦਾ ਡਰ ਸੀ । ਹੁਣ ਤਕ ਦੀ ਉਭਰੀ ਰਾਏ ਵਿਚੋਂ ਬਹੁਤੇ ਲੇਖਕ ਨਾਂਹ - ਪੱਖੀ ਸਨ ਤੇ ਕੁਝ ਵਿਚ ਵਿਚਾਲੇ । ਸੰਮੇਲਨ ਦੇ ਹੱਕ ਵਿਚ ਕਿਸੇ ਲੇਖਕ ਨੇ ਵੀ ਕੁਝ ਨਹੀਂ ਲਿਖਿਆ ।

## 2 ਕੌਮਾਂਤਰੀ ਕਮੇਟੀ ਵਲੋਂ ਫੈਸਲਾ

ਇਹ ਚਰਚਾ ਅਜੇ ਚੱਲ ਹੀ ਰਿਹਾ ਸੀ ਕਿ ਸਾਨੂੰ ਪ੍ਰੀਤਮ ਸਿੰਘ ਵਲੋਂ 9 ਦਸੰਬਰ ਦੀ ਲਿਖੀ ਦੂਜੀ ਚਿੱਠੀ ਮਿਲੀ, ਜਿਸ ਵਿਚ ਕੌਮਾਂਤਰੀ ਕਮੇਟੀ ਵਲੋਂ 2 ਦਸੰਬਰ 1980 ਵਿਚ ਲਏ ਗਏ ਫੈਸਲੇ ਬਾਰੇ ਸੂਚਨਾ ਸੀ । ਖਤ ਦੇ ਹੇਠਾਂ ਮੇਰੇ ਲਈ ਵਿਸ਼ੇਸ਼ ਲਾਈਨਾਂ ਲਿਖੀਆਂ ਗਈਆਂ ਸਨ:

1 ਕੈਨੇਡਾ ਤੋਂ ਪ੍ਰਾਪਤ ਹੋਏ ਹੁੰਗਾਰੇ ਦੇ ਆਧਾਰ ਤੇ ਕੌਮਾਂਤਰੀ ਤਾਲਮੇਲ ਕਮੇਟੀ ਨੇ ਅਗਲਾ ਸਮਾਗਮ ਕੈਨੇਡਾ ਵਿਖੇ ਕਰਨ ਦਾ ਫੈਸਲਾ ਕਰ ਲਿਆ ਹੈ । ਹੁਣ ਸਾਡੇ ਸਾਰਿਆਂ ਦੀ ਇਜ਼ਤ ਇਸੇ ਗੱਲ ਵਿਚ ਹੈ ਕਿ ਤੁਸੀਂ ਸਾਰੇ ਜਣੇ ਸਿਰ ਜੋੜ ਕੇ ਇਸ ਨੂੰ ਨੇਪਰੇ ਚਾੜ੍ਹਨ ਲਈ ਮੈਦਾਨ ਵਿਚ ਨਿੱਤਰ ਪਵੋ ।

2 ਤਿਆਰੀ ਕਮੇਟੀ ਦੀ ਸਥਾਪਨਾ ਸੰਬੰਧੀ ਮੇਰਾ ਕੈਨੇਡਾ ਆਉਣ ਦਾ ਵਿਚਾਰ ਹੈ । ਇਸ ਲਈ ਛੇਤੀ ਪ੍ਰਬੰਧ ਕਰਨ ਦੀ ਖੇਚਲ ਕਰਨੀ ।"

ਪੜ੍ਹ ਕੇ ਹੈਰਾਨੀ ਹੋਈ ਕਿ ਕੈਨੇਡਾ ਵਿਚੋਂ ਹੁੰਗਾਰਾ ਕਿਸ ਨੇ ਭਰਿਆ? ਮੈਂ ਪਹਿਲੇ ਖਤ ਦਾ ਹਾਲੀਂ ਜਵਾਬ ਵੀ ਨਹੀਂ ਦਿੱਤਾ ਸੀ, ਕਿਉਂਕਿ ਨਵੰਬਰ ਵਿਚ ਮੇਰਾ ਭਾਰਤ ਜਾਣ ਦਾ ਪ੍ਰੋਗਰਾਮ ਪਹਿਲਾਂ ਤੋਂ ਹੀ ਬਣਿਆ ਹੋਇਆ ਸੀ । ਇਹ ਵਿਚਾਰ ਸੀ ਕਿ ਖਤਾਂ ਰਾਹੀਂ ਕੋਈ ਵਾਦ ਵਿਵਾਦ ਛੇੜਨ ਨਾਲੋਂ ਜ਼ਾਤੀ ਤੌਰ ਤੇ ਇਥੋਂ ਬਾਰੇ ਸਾਰਾ ਪ੍ਰਭਾਵ ਕੌਮਾਂਤਰੀ ਕਮੇਟੀ ਦੇ ਸਾਹਮਣੇ ਰੱਖਿਆ ਜਾਵੇ । ਨਾਲ ਇਹ ਵੀ ਵਿਚਾਰ ਸੀ ਕਿ ਇੰਗਲੈਂਡ ਅਤੇ ਭਾਰਤ ਦੇ ਲੇਖਕਾਂ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਜਾਵੇ ਅਤੇ ਉਹਨਾਂ ਦੇ ਅਤੇ ਭਾਰਤੀ ਸੰਮੇਲਨ ਕਮੇਟੀ ਦੇ ਪ੍ਰਭਾਵ ਕਨੇਡੀਅਨ ਲੇਖਕਾਂ ਸਾਹਮਣੇ ਰੱਖੇ ਜਾਣ । ਇਸ ਪਿੱਛੋਂ ਜੋ ਪ੍ਰਮਾਣਿਕ ਫੈਸਲਾ ਹੋਵੇਗਾ, ਸਭ ਨੂੰ ਮਨਜ਼ੂਰ ਹੋਵੇਗਾ । ਪਰ ਭਾਰਤੀ ਤਾਲਮੇਲ ਕਮੇਟੀ ਦੇ ਮੈਂਬਰ ਸੰਮੇਲਨ ਲਈ ਬਹੁਤੇ ਕਾਹਲੇ ਸਨ । ਪ੍ਰੀਤਮ ਸਿੰਘ ਨੇ 24 ਦਸੰਬਰ ਦੇ ਇਕ ਖਤ ਵਿਚ ਰਵਿੰਦਰ ਰਵੀ ਨੂੰ ਤਾਲਮੇਲ ਕਮੇਟੀ ਵਲੋਂ ਕੀਤੇ ਗਏ ਫੈਸਲੇ ਦੀ ਪ੍ਰਵਾਨਗੀ ਬਾਰੇ ਲਿਖਿਆ:

"ਪਰ ਤੁਹਾਡੇ ਸਮੇਤ ਉਹਨਾਂ (ਗੁਰਚਰਨ ਰਾਮਪੁਰੀ ਅਤੇ ਅਜਮੇਰ ਰੋਡੇ) ਵਲੋਂ ਵੀ ਇਸ ਦਾ ਕੋਈ ਉਤਰ ਨਹੀਂ ਆਇਆ । ਕੌਮਾਂਤਰੀ ਤਾਲਮੇਲ ਕਮੇਟੀ ਨੂੰ ਤੁਹਾਡੀ ਇਸ ਚੁੱਪ ਉਤੇ ਬਹੁਤ

ਤਸ਼ਵੀਸ਼ ਹੋ ਰਹੀ ਹੈ।29 ਦਸੰਬਰ ਨੂੰ ਇਕ ਖਤ ਗੁਰਚਰਨ ਰਾਮਪੁਰੀ ਨੂੰ ਅਤੇ ਮੈਨੂੰ ਮਿਲਿਆ, "ਜੇ ਤੁਸੀਂ ਬਹੁਤ ਪਛੜ ਕੇ ਉਤਰ ਦਿੱਤਾ ਅਤੇ ਉਹ ਵੀ ਨਾਂਹ - ਪੱਖੀ ਹੋਇਆ ਤਾਂ ਫੇਰ ਅਗਲਾ ਸਮਾਗਮ ਕਿਸੇ ਹੋਰ ਬਦਲਵੇਂ ਸਥਾਨ ਤੇ ਕਰਵਾਉਣਾ ਅਸੰਭਵ ਹੋ ਜਾਵੇਗਾ।"

## 3 ਕਨੇਡੀਅਨ ਲੇਖਕਾਂ ਦੇ ਪ੍ਰਤੀਕਰਮ

ਮੈਂ 17 ਜਨਵਰੀ ਨੂੰ ਪ੍ਰੀਤਮ ਸਿੰਘ ਨੂੰ ਇਕ ਖਤ ਲਿਖਿਆ ਕਿ ਜੇ ਵਿਸ਼ਵ ਸੰਮੇਲਨ ਹਰ ਚਾਰ ਪਿੱਛੋਂ ਕੀਤਾ ਜਾਵੇ (ਜਿਵੇਂ ਕਿ ਪਹਿਲੇ ਸੰਮੇਲਨ ਪਿੱਛੋਂ ਪ੍ਰਭਾਵ ਉਭਰਿਆ ਸੀ) ਤਾਂ ਕਨੇਡੀਅਨ ਲੇਖਕ ਫੈਸਲਾ ਕਰਨ ਵਿਚ ਬਹੁਤੇ ਲੇਟ ਨਹੀਂ।

ਵੈਨਕੂਵਰ ਦੇ ਲੇਖਕਾਂ ਨੇ ਕੌਮਾਂਤਰੀ ਤਾਲਮੇਲ ਕਮੇਟੀ ਦੇ ਇਕ ਪਾਸੜ ਫੈਸਲੇ ਤੇ ਗੁੱਸਾ ਕੀਤਾ। ਸਾਧੂ ਦੇ ਘਰ ਹੋਈ ਇਕ ਪਾਰਟੀ ਵਿਚ ਕੇਸਰ ਸਿੰਘ ਨਾਵਲਿਸਟ, ਗੁਰਚਰਨ ਰਾਮਪੁਰੀ, ਕਰਮਜੀਤ ਘੁਮਾਣ, ਪਾਲ ਬਿਨਿੰਗ, ਸੁਰਿੰਦਰ ਧੰਜਲ (ਓਨਟੈਰੀਓ ਤੋਂ), ਇੰਦਰੇਸ਼, ਉੱਜਲ ਦੁਸਾਂਝ, ਜਰਨੈਲ ਸਿੰਘ (ਪ੍ਰਧਾਨ ਪੰਜਾਬੀ ਲਿਟਰੇਰੀ ਐਸੋਸੀਏਸ਼ਨ), ਗੁਰਚਰਨ ਟੱਲੇਵਾਲੀਆ ਅਤੇ ਅਜਮੇਰ ਰੋਡੇ ਸ਼ਾਮਲ ਹੋਏ। ਸਭ ਨੇ ਕੌਮਾਂਤਰੀ ਤਾਲਮੇਲ ਕਮੇਟੀ ਦੇ ਫੈਸਲੇ ਦੀ ਨਿਖੇਧੀ ਕੀਤੀ। ਕੁਝ ਨੇ ਕਮੇਟੀ ਦੇ ਕਨੇਡੀਅਨ ਮੈਂਬਰਾਂ 'ਤੇ ਗੁੱਸਾ ਪ੍ਰਗਟਾਇਆ ਕਿ ਉਹਨਾਂ ਹੁਣ ਤਕ ਸੰਮੇਲਨ ਦੇ ਫੈਸਲੇ ਦਾ ਜ਼ੋਰਦਾਰ ਸ਼ਬਦਾਂ ਵਿਚ ਨਾਂਹ ਪੱਖੀ ਜਵਾਬ ਕਿਉਂ ਨਹੀਂ ਦਿੱਤਾ। ਇਸੇ ਤਰ੍ਹਾਂ 25 ਜਨਵਰੀ ਨੂੰ ਲਿਟਰੇਰੀ ਐਸੋਸੀਏਸ਼ਨ ਬੁਲਾਈ ਗਈ ਇਕ ਸਾਂਝੀ ਮੀਟਿੰਗ ਵਿਚ, ਜਰਨੈਲ ਸਿੰਘ, ਤਾਰਾ ਸਿੰਘ ਹੇਅਰ, ਸੁਖਵੰਤ ਹੁੰਦਲ, ਸਾਧੂ, ਅਮਰਜੀਤ ਚਾਹਲ, ਗੁਰਚਰਨ ਰਾਮਪੁਰੀ, ਅਜਮੇਰ ਰੋਡੇ ਨੇ ਭਾਗ ਲਿਆ। ਮੀਟਿੰਗ ਵਿਚ ਕੌਮਾਂਤਰੀ ਕਮੇਟੀ ਦੇ ਫੈਸਲੇ ਦੀ ਨਿਖੇਧੀ ਕੀਤੀ ਗਈ। ਇਸ ਮੀਟਿੰਗ ਦੀ ਕਾਰਵਾਈ 'ਇੰਡੋ - ਕਨੇਡੀਅਨ ਟਾਇਮਜ਼' ਨੇ 1 ਫਰਵਰੀ 1981 ਦੇ ਅੰਕ ਵਿਚ ਛਾਪੀ।

## 4 ਕੌਮਾਂਤਰੀ ਕਮੇਟੀ ਦਾ ਫੈਸਲਾ ਕਨੇਡੀਅਨ ਮੈਂਬਰਾਂ ਵਲੋਂ ਰੱਦ

1 21 ਜਨਵਰੀ 1981 ਨੂੰ ਗੁਰਚਰਨ ਰਾਮਪੁਰੀ ਅਤੇ ਮੇਰੇ ਵਲੋਂ ਇਕ ਸਾਂਝੇ ਖਤ ਰਾਹੀਂ ਤਾਲਮੇਲ ਕਮੇਟੀ (ਚੰਡੀਗੜ੍ਹ) ਨੂੰ ਕਨੇਡੀਅਨ ਲੇਖਕਾਂ ਦੀ ਰਾਏ ਦੇ ਆਧਾਰ ਉਤੇ ਅਗਲਾ ਵਿਸ਼ਵ ਸੰਮੇਲਨ ਕੈਨੇਡਾ ਦੀ ਬਜਾਇ ਭਾਰਤ ਜਾਂ ਪਾਕਿਸਤਾਨ ਵਿਚ ਕੀਤਾ ਜਾਵੇ। ਮੁੱਖ ਕਾਰਨ ਇਹ ਦੱਸੇ ਗਏ

a) ਕਨੇਡਾ ਪੂਗੋਲਿਕ ਤੌਰ ਤੇ ਬਹੁਤ ਵਿਸ਼ਾਲ ਦੇਸ਼ ਹੈ - ਪੰਜਾਬੀ ਲੇਖਕ ਅਤੇ ਲੋਕ ਦੂਰ ਦੂਰ ਥਾਵਾਂ ਉਤੇ ਖਿੱਲਰੇ ਹੋਏ ਹਨ। ਭਾਰਤ ਤੋਂ ਕੈਨੇਡਾ ਅਤੇ ਕੈਨੇਡਾ ਵਿਚਾਲੇ ਅੰਦਰੂਨੀ ਕਿਰਾਏ ਬਹੁਤ ਮਹਿੰਗੇ ਪੈਣਗੇ।

b) ਕੈਨੇਡਾ ਵਿਚ ਅਜੇ ਪੰਜਾਬੀ ਸਾਹਿਤਕਾਰਾਂ ਦੀ ਗਿਣਤੀ ਬਹੁਤ ਥੋੜੀ ਹੈ।

c) ਇਸ ਸਮੇਂ ਵਿਸ਼ਵ ਸੰਮੇਲਨ ਨਾਲ ਇੰਗਲੈਂਡ ਵਾਂਗ, ਕਨੇਡਾ ਦੇ ਲੇਖਕਾਂ ਵਿਚ ਵੀ ਫੁੱਟ ਪੈਣ ਦਾ ਡਰ ਹੈ।

2 ਪ੍ਰੀਤਮ ਸਿੰਘ ਵਲੋਂ 2 ਫਰਵਰੀ 1981 ਨੂੰ ਲਿਖੀ ਇਕ ਚਿੱਠੀ ਰਾਹੀਂ ਇਸ ਸੁਝਾ ਨੂੰ ਨਾ- ਮਨਜ਼ੂਰ ਕੀਤਾ ਗਿਆ ਅਤੇ ਇਹ ਦੱਸਿਆ ਗਿਆ ਕਿ ਅਗਲਾ ਵਿਸ਼ਵ ਪੰਜਾਬੀ ਸੰਮੇਲਨ 1981 ਵਿਚ ਹੀ ਕੀਤਾ ਜਾਣਾ ਹੈ। ਅਗਲੇ ਵਿਸ਼ਵ ਸੰਮੇਲਨ ਹੋਣ ਦਾ ਕਨੇਡੀਅਨ ਮੈਂਬਰਾਂ ਨੂੰ ਪਹਿਲੀ ਵਾਰ ਪਤਾ ਲੱਗਾ।

3 ਇਸ ਪਿੱਛੋਂ ਮੈਂ ਮਾਰਚ 1981 ਵਿਚ ਆਪਣੀ ਭਾਰਤ ਫੇਰੀ ਸਮੇਂ ਪ੍ਰੀਤਮ ਸਿੰਘ ਅਤੇ ਡਾਕਟਰ ਜਸਬੀਰ ਸਿੰਘ ਆਹਲੂਵਾਲੀਆ ਨਾਲ ਮੀਟਿੰਗ ਕੀਤੀ ਅਤੇ ਬਹੁਗਿਣਤੀ ਕਨੇਡੀਅਨ ਪੰਜਾਬੀ ਲੇਖਕਾਂ ਦੇ ਅਤੇ ਆਪਣੇ ਜ਼ਾਤੀ ਵਿਚਾਰ ਵਿਸਥਾਰ ਨਾਲ ਸਾਹਮਣੇ ਰੱਖੇ ਅਤੇ ਦੂਜੀ ਵਿਸ਼ਵ ਸੰਮੇਲਨ ਕਨੇਡਾ ਵਿਚ ਹੋਣ ਦੀ ਸੰਭਾਵਨਾ ਸਪਸ਼ਟ ਸ਼ਬਦਾਂ ਵਿਚ ਰੱਦ ਕੀਤੀ। ਮੀਟਿੰਗ ਵਿਚ ਪ੍ਰੀਤਮ ਸਿੰਘ ਅਤੇ ਆਹਲੂਵਾਲੀਆ ਵਲੋਂ ਕਨੇਡੀਅਨ ਫੈਸਲੇ ਨਾਲ ਸਹਿਮਤੀ ਪ੍ਰਗਟਾਈ ਪਰ ਇਸ ਮੀਟਿੰਗ ਦੀ ਕਾਰਵਾਈ ਨੂੰ ਲਿਖਤੀ ਰੂਪ ਨਹੀਂ ਦਿੱਤਾ ਗਿਆ, ਕਿਉਂਕਿ ਇਹ ਉਹਨਾਂ ਦੇ ਹੱਕ ਵਿਚ ਨਹੀਂ ਜਾਂਦੀ ਸੀ।

## 5 ਕੌਮਾਂਤਰੀ ਕਮੇਟੀ ਦਾ ਪ੍ਰਤਿਕਰਮ

10 ਜੁਲਾਈ 1981 ਦੇ 'ਇੰਡੋ - ਕਨੇਡੀਅਨ ਟਾਇਮਜ਼' ਵਿਚ ਪ੍ਰੀਤਮ ਸਿੰਘ ਵਲੋਂ ਇਕ ਚਿੱਠੀ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ ਤਾਲਮੇਲ ਕਮੇਟੀ ਦੇ ਕਨੇਡੀਅਨ ਮੈਂਬਰਾਂ ਅਤੇ ਰਵਿੰਦਰ ਰਵੀ ਉਤੇ ਰੋਸ ਪ੍ਰਗਟ ਕੀਤਾ ਕਿ ਉਹਨਾਂ ਪ੍ਰੀਤਮ ਸਿੰਘ ਹੋਰਾਂ ਦੇ ਵਿਚਾਰ ਕਨੇਡੀਅਨ ਲੇਖਕਾਂ ਸਾਹਮਣੇ ਵਿਸਥਾਰ ਨਾਲ ਪੇਸ਼ ਨਹੀਂ ਕੀਤੇ। ਪਰ ਅੰਤ 'ਤੇ ਲਿਖਿਆ:

"ਜੇਕਰ ਕੌਮਾਂਤਰੀ ਤਾਲਮੇਲ ਕਮੇਟੀ ਦੇ ਕਨੇਡਾ ਸਥਿਤ ਮੈਂਬਰਾਂ ਨੇ ਕਨੇਡਾ ਵਿਖੇ ਅਗਲਾ ਵਿਸ਼ਵ ਸੰਮੇਲਨ ਕਰਵਾਉਣ ਦੀ ਸੰਭਾਵਨਾ ਰੱਦ ਕਰ ਦਿੱਤੀ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸੰਮੇਲਨ ਕਿਤੇ ਹੋਰ ਹੋਵੇਗਾ ਹੀ ਨਹੀਂ। ਤੁਹਾਡੇ ਗਿਆਤ ਲਈ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਹੁਣ ਕੈਨੇਡਾ ਦੀ ਥਾਂ ਕਿਸੇ ਹੋਰ ਦੇਸ਼ ਵਿਚ ਜਾਣ ਲਈ ਕਾਹਲਾ ਪੈ ਰਿਹਾ ਹਾਂ ਕਿਉਂਕਿ ਮੈਨੂੰ ਆਪਣੇ ਫਰਜ਼ਾਂ ਦਾ ਪੂਰਾ ਪੂਰਾ ਅਹਿਸਾਸ ਹੈ।"

ਇਸ ਚਿੱਠੀ ਪਿੱਛੋਂ ਕੈਨੇਡਾ ਵਿਚ ਦੂਜੇ ਵਿਸ਼ਵ ਸੰਮੇਲਨ ਦਾ ਭੋਗ ਪੈ ਗਿਆ ਅਤੇ ਇਸ ਨਾਲ ਸੰਬੰਧਤ ਚਰਚਾ ਵੀ ਜ਼ਾਹਰੀ ਤੌਰ ਤੇ ਬੰਦ ਹੋ ਗਈ। ਕਨੇਡੀਅਨ ਲੇਖਕਾਂ ਵਿਚ ਵੀ ਕਿਸੇ ਕਿਸਮ ਦੀ ਤ੍ਰੇੜ ਨਹੀਂ ਪਈ।

## 6 ਵਿਸ਼ਵ ਸੰਮੇਲਨ ਕੈਨੇਡਾ ਵਿਚ ਕਰਨ ਲਈ ਫੇਰ ਯਤਨ/ਗੁਟਬੰਦੀ

ਉਪਰੋਕਤ ਸਭ ਕੁਝ ਦੇ ਬਾਵਜੂਦ ਅਕਤੂਬਰ 1981 ਵਿਚ ਅਚਾਨਕ ਪ੍ਰੀਤਮ ਸਿੰਘ ਵਲੋਂ ਕੌਮਾਂਤਰੀ ਤਾਲਮੇਲ ਕਮੇਟੀ ਦੀ ਇਕ ਮੀਟਿੰਗ ਦੀ ਕਾਰਵਾਈ ਮਿਲੀ, ਜਿਸ ਵਿਚ ਲਿਖਿਆ ਸੀ ਕਿ ਤਾਲਮੇਲ ਕਮੇਟੀ ਨੇ ਕਨੇਡਾ ਵਿਚ 19 ਤੋਂ 22 ਨਵੰਬਰ ਤਕ ਵਿਸ਼ਵ ਸੰਮੇਲਨ ਕਰਵਾਉਣ ਲਈ ਪੇਸ਼ਕਸ਼ ਨੂੰ ਧੰਨਵਾਦ ਸਹਿਤ ਮਨਜ਼ੂਰ ਕਰ ਲਿਆ ਹੈ ਪਰ ਸਮਾਂ ਥੋੜਾ ਹੋਣ ਕਰਕੇ ਸੰਮੇਲਨ 3-4 ਮਹੀਨੇ ਲਈ ਅੱਗੇ ਪਾ ਦਿੱਤਾ ਜਾਵੇ। ਤਾਲਮੇਲ ਕਮੇਟੀ ਦੀ ਮੀਟਿੰਗ (?) ਵਿਚ ਕੌਣ ਕੌਣ ਹਾਜ਼ਰ ਸਨ, ਬਾਰੇ ਕੋਈ ਵੇਰਵਾ ਨਹੀਂ ਸੀ। ਕੈਨੇਡਾ ਵਿਚ ਪੇਸ਼ਕਸ਼ ਕਿਸ ਵਲੋਂ ਗਈ, ਇਹ ਵੀ ਭੇਦ ਰੱਖਿਆ ਗਿਆ ਸੀ।

19 ਨਵੰਬਰ 1981 ਨੂੰ ਪ੍ਰੀਤਮ ਸਿੰਘ ਵਲੋਂ ਪ੍ਰਾਪਤ ਆਖਰੀ ਚਿੱਠੀ ਵਿਚ ਲਿਖਿਆ ਸੀ:

"ਤੁਹਾਨੂੰ ਇਹ ਪਤਾ ਲੱਗ ਹੀ ਗਿਆ ਹੋਵੇਗਾ ਕਿ ਸਟੀਫਨ ਗਿੱਲ ਦੇ ਸਹਿਯੋਗ ਨਾਲ ਜੂਨ 1982 ਵਿਚ ਓਨਟੈਰੀਓ (ਓਟਵਾ ਯੂਨੀਵਰਸਿਟੀ) ਵਿਖੇ ਦੂਸਰਾ ਵਿਸ਼ਵ ਪੰਜਾਬੀ ਸੰਮੇਲਨ ਆਯੋਜਤ ਕਰਨ ਦਾ ਪੱਕਾ ਪ੍ਰੋਗਰਾਮ ਬਣ ਗਿਆ ਹੈ। ਕੌਮਾਂਤਰੀ ਤਾਲਮੇਲ ਕਮੇਟੀ ਨੂੰ ਪੂਰਨ ਵਿਸ਼ਵਾਸ਼ ਹੈ ਕਿ ਤੁਸੀਂ ਸਟੀਫਨ ਗਿੱਲ ਨੂੰ ਪੂਰਾ ਪੂਰਾ ਸਹਿਯੋਗ ਦੇਵੋਗੇ ਅਤੇ ਪਿਛਲੀਆਂ ਸਾਰੀਆਂ ਗੱਲਾਂ ਭੁਲਾ ਕੇ ਦੂਸਰੇ ਵਿਸ਼ਵ ਸੰਮੇਲਨ ਨੂੰ ਸਫਲ ਬਣਾਉਣ ਲਈ ਆਪਣੀ ਪੂਰੀ ਵਾਹ ਲਾ ਦਿਓ।"

## 7 ਸਿੱਟੇ

ਉਪਰੋਕਤ ਦਿੱਤੇ ਸੰਖੇਪ ਇਤਿਹਾਸ ਤੋਂ ਅਸੀਂ ਨਿਮਨ ਲਿਖਤ ਸਿੱਟੇ ਕੱਢਣ ਲਈ ਮਜ਼ਬੂਰ ਹੋ ਜਾਂਦੇ ਹਾਂ:

1 ਕੌਮਾਂਤਰੀ ਕਮੇਟੀ (ਭਾਰਤ) ਅਤੇ ਵਿਸ਼ੇਸ਼ ਕਰ ਕੇ ਜਨਰਲ ਸਕੱਤਰ ਦੀ ਕੈਨੇਡਾ ਵਿਚ ਦਿਲਚਸਪੀ ਕੇਵਲ ਵਿਸ਼ਵ ਸੰਮੇਲਨ ਤਕ ਹੀ ਸੀਮਤ ਹੈ। ਕਨੇਡਾ ਵਿਚ ਕਿੰਨਾ ਕੁ ਅਤੇ ਕਿਹੋ ਜਿਹਾ ਪੰਜਾਬੀ ਸਾਹਿਤ ਰਚਿਆ ਜਾ ਰਿਹਾ ਹੈ, ਇਥੋਂ ਦੇ ਪੰਜਾਬੀ ਲੇਖਕਾਂ ਦੀ ਕੀ ਰਾਏ ਹੈ, ਇਥੇ ਵਿਸ਼ਵ ਸੰਮੇਲਨ ਲਈ ਸਥਿਤੀਆਂ ਅਨੁਕੂਲ ਹਨ ਜਾਂ ਨਹੀਂ, ਇਹਨਾਂ ਗੱਲਾਂ ਵੱਲ ਉਹਨਾਂ ਨੂੰ ਕੋਈ ਵਾਸਤਾ ਨਹੀਂ। ਉਹਨਾਂ ਸਾਨੂੰ ਇਹ ਵੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕੈਨੇਡਾ ਦੇ ਸਾਹਿਤਕ ਵਾਤਾਵਰਨ ਬਾਰੇ ਕਨੇਡੀਅਨ ਲੇਖਕਾਂ (ਪੰਜਾਬੀ) ਨੂੰ ਉੱਕਾ ਕੁਝ ਪਤਾ ਨਹੀਂ, ਪਰ ਉਹ ਜਾਣਦੇ ਹਨ।

2. ਕੌਮਾਂਤਰੀ ਕਮੇਟੀ ਦੇ ਵਿਦੇਸ਼ੀ ਮੈਂਬਰ 'ਖਾਸ ਮਤਲਬ' ਲਈ ਹੀ ਭਰਤੀ ਕੀਤੇ ਗਏ ਹਨ। 'ਮਤਲਬ ਲਈ' ਉਹ ਵਡਿਆਏ ਵੀ ਜਾ ਸਕਦੇ ਹਨ

ਉਹ 'ਮਤਲਬ' ਪੂਰਾ ਨਹੀਂ ਕਰਦੇ ਤਾਂ ਉਨ੍ਹਾਂ ਦੀ ਰਾਏ ਦੀ ਰੱਤੀ ਭਰ ਵੁੱਕਤ ਨਹੀਂ ।

3. ਕਨੇਡਾ ਵਿਚ ਵਿਸ਼ਵ ਸੰਮੇਲਨ ਕਰਵਾਉਣ ਲਈ ਕੌਮਾਂਤਰੀ ਕਮੇਟੀ (ਭਾਰਤ) ਦੇ ਮੈਂਬਰ, ਕੈਨੇਡਾ ਸਥਿਤ ਮੈਂਬਰਾਂ ਤੋਂ ਹਾਂ ਜਾਂ ਨਾਂਹ ਪੱਖੀ ਉਤਰ ਲੈਣ ਤੋਂ ਅਤਿਅੰਤ ਕਾਹਲੇ ਸਨ ਤਾਂ ਕਿ ਨਾਂਹ ਪੱਖੀ ਉਤਰ ਦੀ ਹਾਲਤ ਵਿਚ ਉਹ ਕੈਨੇਡਾ ਵਿਚ ਹੋਰ ਕਿਸੇ ਨਾਲ ਗੁਟਬੰਦੀ ਕਰ ਸਕਣ। ਇਹ ਵਿਚਾਰ ਉਨ੍ਹਾਂ ਦੇ ਮਨਾਂ ਵਿਚ ਸ਼ਾਇਦ ਪਹਿਲਾਂ ਹੀ ਸੀ ਕਿ ਜੇ ਵਿਸ਼ਵ ਸੰਮੇਲਨ ਲਈ ਕੈਨੇਡਾ ਦੇ ਪੰਜਾਬੀ ਲੇਖਕਾਂ ਵਿਚ ਫੁੱਟ ਵੀ ਪੁਆਉਣੀ ਪਵੇ ਤਾਂ ਕੋਈ ਹਰ ਨਹੀਂ ।

4. ਮੌਜੂਦਾ ਕੌਮਾਂਤਰੀ ਤਾਲਮੇਲ ਕਮੇਟੀ ਇਕ ਢਕਵੰਜ ਬਣ ਕੇ ਰਹਿ ਗਈ ਹੈ ਅਜੇ ਤਕ ਇਸ ਦੀਆਂ ਭਾਰਤ ਵਿੱਚ ਹੋਈਆਂ ਦੱਸੀਆਂ ਜਾਂਦੀਆਂ ਮੀਟਿੰਗਾਂ ਵਿਚੋਂ ਇਕ ਮੀਟਿੰਗ ਦਾ ਹੀ ਗਿਆਨ ਹੈ, ਜਿਸ ਵਿਚ ਜਸਵੰਤ ਸਿੰਘ ਕੰਵਲ, ਜ. ਸ. ਆਹਲੂਵਾਲੀਆ, ਪ੍ਰੋ: ਪ੍ਰੀਤਮ ਸਿੰਘ ਪਟਿਆਲਾ, ਅਤੇ ਪ੍ਰੀਤਮ ਸਿੰਘ ਪੀ. ਸੀ. ਐਸ. ਸ਼ਾਮਿਲ ਹੋਏ ਲਿਖੇ ਗਏ ਹਨ (ਜਿਸ ਵਿਚ ਪਹਿਲੀ ਵਾਰ ਹੀ ਇਹ ਫੈਸਲਾ ਲੈ ਲਿਆ ਗਿਆ ਕਿ ਦੂਜਾ ਸੰਮੇਲਨ ਕੈਨੇਡਾ ਵਿਚ ਹੀ ਹੋਵੇ) ਉਸ ਪਿੱਛੋਂ ਪ੍ਰੀਤਮ ਸਿੰਘ ਵਲੋਂ ਜਿੰਨੇ ਵੀ ਖਤ ਆਏ, ਉਹਨਾਂ ਵਿਚ ਤਾਲਮੇਲ ਕਮੇਟੀ ਦਾ ਮਸਾਂ ਜ਼ਿਕਰ ਹੀ ਹੁੰਦਾ ਹੈ। ਹੋਰ ਕਿਸੇ ਮੈਂਬਰ ਨੇ ਕਮੇਟੀ ਦੀਆਂ ਕਾਰਵਾਈਆਂ ਵਿਚ ਉਕਾ ਹੀ ਦਿਲਚਸਪੀ ਨਹੀਂ ਵਿਖਾਈ । ਸਾਨੂੰ ਇਹ ਵੀ ਯਾਦ ਨਹੀਂ ਕਿ ਐਕਜ਼ੈਕਟਿਵ ਵਿਚ ਕੌਣ ਕੌਣ ਮੈਂਬਰ ਸਨ? ਚੇਅਰਮੈਨ ਕੌਣ ਸੀ? ਉਂਜ ਤਾਂ ਉਹ ਸੰਮੇਲਨ ਕੈਨੇਡਾ ਵਿਚ ਕਰਵਾਉਣ ਲਈ ਤੱਤਪਰ ਸਨ ਪਰ ਜਦੋਂ ਕੈਨੇਡਾ ਦੇ ਇਕ ਮੈਂਬਰ (ਅਜਮੇਰ ਰੋਡੇ). ਨਾਲ ਉਹਨਾਂ ਚੰਡੀਗੜ੍ਹ ਵਿਚ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਤਾਂ ਉਸ ਮੀਟਿੰਗ ਦੀ ਕਾਰਵਾਈ ਦੀ ਸੂਚਨਾ ਨਾ ਹੀ ਛਾਪੀ, ਨਾ ਹੀ ਕਿਸੇ ਨੂੰ ਭੇਜੀ ਕਿਉਂਕਿ ਇਹ ਉਹਨਾਂ ਦੇ ਹੱਕ ਵਿਚ ਨਹੀਂ ਜਾਂਦੀ ਸੀ ।

5. ਕੌਮਾਂਤਰੀ ਕਮੇਟੀ ਦੇ ਉਪਰੋਕਤ ਲਿਖੇ ਮੈਂਬਰਾਂ ਤੋਂ ਬਿਨਾਂ, ਮੈਨੂੰ ਆਪਣੀ ਮਾਰਚ 1981 ਦੀ ਭਾਰਤ ਫੇਰੀ ਸਮੇਂ, ਬਹੁਤ ਸਾਰੇ ਸਾਹਿਤਕਾਰ ਮਿੱਤਰਾਂ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਉਹਨਾਂ ਦੇ ਵਿਸ਼ਵ ਸੰਮੇਲਨ ਬਾਰੇ ਵਿਚਾਰ ਜਾਨਣ ਦਾ ਮੌਕਾ ਵੀ ਮਿਲਿਆ । ਜਿਵੇਂ ਕਿ ਸੁਰਜੀਤ ਪਾਤਰ, ਡਾ. ਆਤਮ ਹਮਰਾਹੀ, ਡਾ: ਤੇਜਵੰਤ ਗਿੱਲ, ਰਾਜਬੀਰ, ਸਤਿਤੇਜ, ਵਰਿਆਮ ਅਸਰ, ਡਾ. ਅਤਰ ਸਿੰਘ, ਪਿਆਰਾ ਸਿੰਘ ਭੋਗਲ, ਡਾ. ਵਿਸ਼ਵਨਾਥ ਤਿਵਾੜੀ, ਡਾ. ਹਰਿਭਜਨ ਸਿੰਘ, ਡਾ. ਸਤਿੰਦਰ ਨੂਰ, ਮੋਹਨਜੀਤ, ਡਾ. ਦਲੀਪ ਕੌਰ ਟਿਵਾਣਾ, ਡਾ. ਗੁਰਭਗਤ ਸਿੰਘ, ਹਰਭਜਨ ਹਲਵਾਰਵੀ, ਰਘਬੀਰ ਸਿੰਘ (ਸੰਪਾਦਕ 'ਸਿਰਜਨਾ') ਅਤੇ ਹੋਰ ਕਈ ਲੇਖਕਾਂ ਵਿਚੋਂ ਕਿਸੇ ਨੇ ਵੀ ਜ਼ਾਹਿਰਾ ਤੌਰ ਤੇ ਇਹ ਰਾਏ ਨਹੀਂ ਪ੍ਰਗਟਾਈ ਕਿ ਦੂਜਾ ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿਚ ਹੋਣਾ ਚਾਹੀਦਾ ਹੈ । ਪ੍ਰੋ: ਪ੍ਰੀਤਮ ਸਿੰਘ ਜੀ ਪਟਿਆਲਾ ਨੇ ਵੀ ਇਸ ਬਾਰੇ ਉਕਾ ਕੋਈ ਜ਼ਿਕਰ ਨਹੀਂ ਕੀਤਾ ।

6. ਹੁਣ ਸੰਮੇਲਨ ਕੈਨੇਡਾ ਵਿਚ ਕਰਵਾਉਣ ਦੇ ਦੋਬਾਰਾ ਲਏ ਗਏ 'ਫੈਸਲੇ' ਦੀ ਕੈਨੇਡਾ ਦੇ ਬਹੁਤੇ ਲੇਖਕਾਂ ਨੇ, ਜਿਵੇਂ ਸੁਖਿੰਦਰ, ਇਕਬਾਲ, ਤਾਰਾ ਸਿੰਘ ਹੇਅਰ, ਸਾਧੂ ਅਤੇ ਗੁਰਚਰਨ ਰਾਮਪੁਰੀ ਨੇ ਲਿਖਤੀ ਰੂਪ ਵਿਚ, ਤੇ ਹੋਰਾਂ ਨੇ ਜ਼ਬਾਨੀ ਕੜ੍ਹੀ ਆਲੋਚਨਾ ਕੀਤੀ ਹੈ ।

**ਜੇ 'ਦੂਜਾ ਵਿਸ਼ਵ ਪੰਜਾਬੀ ਸੰਮੇਲਨ' ਹੁਣ ਕਿਸੇ ਵੀ ਰੂਪ ਵਿਚ ਕੈਨੇਡਾ ਵਿਚ ਕੀਤਾ ਗਿਆ ਤਾਂ ਕੌਮਾਂਤਰੀ ਤਾਲਮੇਲ ਕਮੇਟੀ ਦਾ ਢਕਵੰਜ ਤਾਂ ਨਿਖਰ ਕੇ ਸਾਹਮਣੇ ਆਇਗਾ ਹੀ, ਨਾਲ ਹੀ ਭਵਿੱਖ ਵਿਚ ਹੋਣ ਵਾਲੇ ਵਿਸ਼ਵ ਸੰਮੇਲਨਾਂ ਦੀ ਪ੍ਰਮਾਣੀਕਤਾ ਉਤੇ ਵੀ ਗਹਿਰੀ ਸੱਟ ਵੱਜੇਗੀ।**

ਮੈਂ ਆਪਣਾ ਦ੍ਰਿਸ਼ਟੀਕੋਣ ਦੁਬਾਰਾ ਸਪਸ਼ਟ ਕਰਦਾ ਹੋਇਆ ਤੇ ਇਸ ਲੇਖ ਕੀ ਇਕ ਕਾਪੀ ਜਨਰਲ ਸਕੱਤਰ ਪ੍ਰੀਤਮ ਸਿੰਘ ਪੀ. ਸੀ. ਐਸ. ਨੂੰ ਭੇਜਦਾ ਹੋਇਆ ਕੌਮਾਂਤਰੀ ਤਾਲਮੇਲ ਕਮੇਟੀ ਤੋਂ ਆਪਣਾ ਅਸਤੀਫਾ ਦੇਂਦਾ ਹਾਂ । ਕਮੇਟੀ ਦੇ ਦੂਜੇ ਮੈਂਬਰ, ਗੁਰਚਰਨ ਰਾਮਪੁਰੀ ਪਹਿਲਾਂ ਹੀ ਅਸਤੀਫਾ ਦੇ ਚੁੱਕੇ ਹਨ ।

ਸੰਸਾਰ ਦੀਆਂ ਹਜ਼ਾਰਾਂ ਜ਼ੁਬਾਨਾਂ ਵਿਚੋਂ ਪੰਜਾਬੀ ਤ੍ਰੇਹਰਵੇਂ ਦਰਜੇ ਤੇ ਆਉਂਦੀ ਹੈ । ਭਾਰਤ ਵਿਚ ਬਾਕੀ ਜ਼ੁਬਾਨਾਂ ਦੇ ਮੁਕਾਬਲੇ ਪੰਜਾਬੀ ਵਿਚ ਸਭ ਤੋਂ ਵੱਧ ਪਰਚੇ ਤੇ ਅਖਬਾਰ ਛਪਦੇ ਹਨ । ਫਿਰ ਵੀ ਪੰਜਾਬੀ ਸਾਹਿਤ ਅਜੇ ਉਸ ਤਰ੍ਹਾਂ ਦੇ ਬਹੁ - ਵਿਮਾ ਅਤੇ ਸੰਘਣੇ ਪਿਛੋਕੜ ਦੀ ਉਪਜ ਨਹੀਂ, ਜਿਸ ਤਰ੍ਹਾਂ ਦੇ ਪਿਛੋਕੜ ਵਿਚੋਂ ਫ੍ਰੈਂਚ, ਅੰਗਰੇਜ਼ੀ ਜਾਂ ਰੂਸੀ ਆਦਿ ਭਾਸ਼ਾਵਾਂ ਦਾ ਸਾਹਿਤ ਉਪਜਦਾ ਹੈ; ਜਿਸ ਤਰ੍ਹਾਂ ਦੇ ਪਿਛੋਕੜ ਵਿਚੋਂ ਮਨੁੱਖੀ ਅਨੁਭਵ ਦੇ ਪੈਰ, ਸੰਵੇਗ, ਦਰਸ਼ਨ, ਭੌਤਕੀ, ਮਨੋਵਿਗਿਆਨ ਅਤੇ ਤਰਕ ਦੇ ਮਹੀਨੇ ਤਾਣੇਪੇਟੇ ਤੇ ਇਕੋ ਜਿੰਨੀ ਆਸਾਨੀ ਨਾਲ ਥਿਰਕ ਸਕਣ । ਸਾਡੇ ਪਿਛੋਕੜ ਨੂੰ ਸੰਘਣਾ ਬਣਾਉਣ ਲਈ ਜੇ ਵਿਸ਼ਵ ਸੰਮੇਲਨਾਂ ਦੀ ਲੋੜ ਹੈ ਤਾਂ ਉਹ ਹਾਲੀਂ ਪੰਜਾਬ ਦੀ ਧਰਤੀ ਉਤੇ ਹੀ ਹੋਣੇ ਚਾਹੀਦੇ ਹਨ, ਜਿਥੇ ਨਾ ਕੇਵਲ ਮੁੱਠੀ ਭਰ ਪ੍ਰੋਫੈਸਰ, ਅਫਸਰ ਲੇਖਕ ਤੇ ਅਮੀਰ ਸਾਹਿਤਕਾਰ ਹੀ ਭਾਗ ਲੈ ਸਕਣ, ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਚਿੰਤਕ, ਕਲਾਕਾਰ ਤੇ ਆਮ ਲੇਖਕ ਸ਼ਾਮਿਲ ਹੋ ਕੇ ਵਿਦੇਸ਼ਾਂ ਵਿਚ ਹੋਣ ਵਾਲੇ ਸੰਮੇਲਨਾਂ ਦਾ ਮੁਹਾਂਦਰਾ ਉਲੀਕ ਸਕਣ ।

• • •


ਤਸ਼ੱਦਦ ਅਤੇ ਬਦਸਲੂਕੀ ਦੀਆਂ ਸ਼ਿਕਾਰ ਔਰਤਾਂ ਨੂੰ ਆਸਰਾ ਦੇਣ ਲਈ

... ਸਹਾਰਾ ਗਰੁੱਪ ~

• ਕੀ ਤੁਹਾਡੇ ਨਾਲ ਘਰ ਵਿਚ ਅੰਤ ਦੀ ਬਦਸਲੂਕੀ ਹੋਈ ਹੈ। • ਕੀ ਤੁਸੀਂ ਆਪਣੇ ਆਪ ਨੂੰ ਦੋਸ਼ੀ ਠਹਿਰਾਇਆ ?
• ਨਿਆਸਰਾ ਅਤੇ ਬੇਸਹਾਰਾ ਮਹਿਸੂਸ ਕੀਤਾ ? • ਦਬਘੁੱਟ ਕੇ ਅਤੇ ਸਹਿਮ ਵਿਚ ਵਕਤ ਲੰਘਾਇਆ ?
• ਆਪਣੇ ਆਪ ਨੂੰ ਇਕੱਲਾ ਅਤੇ ਫੈਸਲੇ- ਘੱਟੇ ਮਹਿਸੂਸ ਕੀਤਾ ?

ਜੇ ਇਹ ਠੀਕ ਹੈ ਤਾਂ ਹੋ ਸਕਦੈ ਤੁਸੀਂ ਆਪਣੇ ਵਰਗੀਆਂ ਹੋਰ ਦੁਖ ਭੁਗਤ ਔਰਤਾਂ ਨਾਲ ਦੁਖ ਸਾਂਝੇ ਕਰਕੇ ਇਸ ਦਾ ਭਾਰ ਹੌਲਾ ਕਰ ਸਕੋ!

ਸਾਡੇ ਸਹਾਰਾ ਗਰੁੱਪਾਂ ਵਿਚ ਤੁਹਾਨੂੰ ਇਹੋ ਜਿਹੇ ਕੀਮਤ ਦੇ ਅਹਿਸਾਸ ਜਾਂ ਸਿਅਣੀ ਹੈ ਜਿੱਥੇ ਸਾਡੇ ਮੈਂਬਰ ਤੁਹਾਨੂੰ ਲੋੜੀਂਦੀ ਜਾਣਕਾਰੀ, ਸਹਾਇਤਾ, ਅਤੇ ਹੌਸਲਾ ਦੇ ਸਕਦੇ ਹਨ।

— ਸਾਡੇ ਗਰੁੱਪਾਂ ਦੀਆਂ ਮੀਟਿੰਗਾਂ ਹਰ ਹਫਤੇ ਇਕੇ ਵਾਰ ਸ਼ਾਮ ਨੂੰ ਹੁੰਦੀਆਂ ਹਨ , 10 ਹਫਤੇ ਲਈ —

— ਬੱਚਿਆਂ ਦੀ ਦੇਖਭਾਲ ਅਤੇ ਆਉਣ ਜਾਣ ਦਾ ਖਰਚ ਸਾਡੇ ਵਲੋਂ ਦਿੱਤਾ ਜਾਵੇਗਾ —

ਜਾਣਕਾਰੀ ਲਈ ਫੋਨ ਕਰੋ ਮਾਰਥਾ ਨੂੰ : 734-1574

( ਪੰਜਾਬੀ ਜਾਂ ਹਿੰਦੀ ਵਿਚ ਗੱਲਬਾਤ ਲਈ ਪੁੱਛੋ )

# ਕਤਲ

ਗੁਰਚਰਨ ਰਾਮਪੁਰੀ

ਜਦ ਉਹ ਕੁੜੀ ਕਤਲ ਹੋਈ ਸੀ,
ਐਨ ਉਦੋਂ ਹੀ ਰਤਾ ਕੁ ਮੈਂ ਵੀ ਗਿਆ ਮਾਰਿਆ
ਉਸਦੇ ਨਾਲ ਹੀ ਮੇਰੀ ਰੂਹ ਦੇ ਟੋਟੇ ਹੋਏ।

ਜਦ ਕੋਮਲ ਰੂਹ ਮਨ-ਪੀੜਾਂ ਦੀ ਸਿਖਰੋਂ ਡਿਗ ਕੇ
ਸਾਗਰ ਲਹਿਰੀਂ ਲੋਪ ਹੋਈ ਸੀ,
ਮੇਰੀ ਵੀ ਇਕ ਧੀ ਮੋਈ ਸੀ।

ਮੇਰੇ ਹੱਥ ਵਿਚ ਖੰਜਰ ਨਹੀਂ ਸੀ,
ਮੈਂ ਤਾਂ ਗੋਲੀ ਨਹੀਂ ਚਲਾਈ,
ਦਾਤ ਨਾਲ ਗਰਦਨ ਨਾ ਲਾਹੀ
ਪਰ ਕਾਤਿਲ ਵੱਲ ਉਂਗਲੀ ਵੀ ਤਾਂ ਨਹੀਂ-ਉਠਾਈ।

ਪਾਪ ਦੇਖ ਜਿਸਨੇ ਚੁੱਪ ਸਾਧੀ
ਉਹ ਕਾਤਿਲ ਦਾ ਬਣਿਆਂ ਭਾਈ,
ਹਮਸਾਏ ਲੋਕਾਂ ਦੀ ਹੱਕੀਂ
ਨਫਰਤ ਉਸਨੇ ਜਿੱਤ ਹੰਢਾਈ।
ਸਾਰੀ ਉਮਰ ਕਲੰਕ ਏਹੋ ਉਸ ਮੱਥੇ ਉਤੇ,
ਕੋਹੜ ਵਾਂਗਰਾਂ ਹੀ ਲਟਕੇਗਾ।

ਪਲ ਪਲ ਕਰਕੇ ਪਾਲੀ ਜ਼ਿੰਦੜੀ,
ਮਮਤਾ ਦੇ ਲੰਮੇ ਜਗਰਾਤੇ
ਨੂੰ ਜ਼ਾਲਿਮ ਨੇ ਪਲ ਵਿਚ ਕੋਹਿਆ,
ਸੱਧਰਾਂ ਭਰਿਆ, ਧੜਕ ਰਿਹਾ ਦਿਲ ਠੰਢਾ ਹੋਇਆ,
ਸੁਣ ਸੁਪਨੇ ਵਰਗਾ ਸੱਚ ਸੋਇਆ।

ਰੀਤ, ਗੋਤ, ਜਾਤੀ ਦੇ ਮੂਰਖ ਦਰ ਤੇ ਕਦ ਤੱਕ
ਕੁੜੀਆਂ ਦੀ ਇਹ ਬਲੀ ਹੋਏਗੀ,
ਕਦ ਤੱਕ ਸਾਡੇ ਦਾਮਨ ਵਿਚੋਂ ਰੱਤ ਚੋਏਗੀ?
ਕਦ ਤੱਕ ਮੇਰੀ ਮਾਂ ਰੋਏਗੀ?
ਕਦ ਤੱਕ ਮੇਰੀ ਧੀ ਰੋਏਗੀ?

ਹਮਸਾਏ ਵੀਰੋ ਤੇ ਭੈਣੋ!
ਮਾਂ ਜਾਏ ਵੀਰੋ ਤੇ ਭੈਣੋ!
ਸਮਾਂ ਅਸਾਥੋਂ ਪੁੱਛ ਰਿਹਾ ਹੈ;
ਬੋਲੋ ਜੇ ਸੱਚ ਦੀ ਹਿੰਮਤ ਹੈ,
ਬੋਲੋ ਜੇ ਸੱਚ ਦੀ ਜੁਰਅਤ ਹੈ।

ਬੋਲ ਤੁਹਾਡਾ ਕੱਲ ਨੂੰ ਚੱਲਣ ਵਾਲੀ-
ਖੰਜਰ ਰੋਕ ਸਕੇਗਾ,
ਸੱਚ ਦੇ ਬੋਲਾਂ ਸਾਹਵੇਂ ਪਾਪੀ ਸਦਾ ਹਾਰਿਆ,
ਜਦ ਉਹ ਕੁੜੀ ਮੋਈ ਸੀ
ਐਨ ਉਦੋਂ ਹੀ ਰਤਾ ਕੁ ਮੈਂ ਵੀ ਗਿਆ ਮਾਰਿਆ।

# ਆਪਣੀ ਆਪਣੀ ਹੋਂਦ

(ਸਿਧਾਰਥ-ਬੁੱਧ-ਅਬੁੱਧ ਦੇ ਨਾਂ)

ਚਰਨ ਸਿੰਘ

ਰੂਹ ਆਪਣੀ ਹੋਂਦ ਦੇ ਅਰਥ
ਬਦਲ ਹੀ ਲਵਾਂ ਤਾਂ ਚੰਗਾ ਹੈ।
ਇਸ ਤਰ੍ਹਾਂ
ਜ਼ਿੰਦਗੀ ਦੇ ਢਾਰੇ ਹੇਠ,
ਕਿੰਨਾ ਕੁ ਚਿਰ ਜੀਵਾਂਗਾ।

ਮੇਰੇ ਲਈ ਔਖਾ ਹੈ
ਧੁੰਨੀ 'ਚ ਕਸਤੂਰੀ ਪੈਦਾ ਕਰਨੀ
ਜਦੋਂ ਖੁਸ਼ਬੂ ਦੇ ਹੀ ਅਰਥ ਬਦਲੇ ਹਨ।
ਮੈਂ ਇਸ ਸਵਰਗ ਤੋਂ
ਉਸ ਨਰਕ ਦਾ ਕੀੜਾ ਹੀ ਚੰਗਾ ਹਾਂ
ਜਿਥੇ ਆਪਣੇ ਕੋਲ ਆਕੇ ਵੀ ਇੱਛਾ ਹੈ
ਰੇਗਸਥਾਨ ਹੰਗਾਲਣ ਦੀ
ਤੇ ਮੇਰੀ ਹੋਂਦ ਦੇ ਪੂਰਾਂ ਦੇ ਪੂਰ
ਰੇਗਸਥਾਨ ਦੀ ਹਿੱਕ ਤੇ
ਉਸ ਅਰਥ ਵਾਂਗ ਨੇ
ਜਿਨ੍ਹਾਂ ਲਈ ਲਫ਼ਜ਼ ਨਹੀਂ ਜੰਮੇ।
ਰਗਾਂ 'ਚ ਗਿੜਦਾ ਲਹੂ
ਭੁੱਖ ਕਰ ਨਾ ਬੈਠੇ
ਇਸ ਲਈ ਇਕੱਲਾ ਨਹੀਂ ਸਾਉਂਦਾ
ਉਂਞ ਇਸ ਮੋੜ ਤੇ ਆਕੇ
ਮੈਂ ਇਕ ਬੁੱਧ ਹਾਂ
ਤੇ ਮੇਰੇ ਜ਼ਿਹਨ 'ਚ ਇਕ ਨਵਾਂ-
ਸੂਰਜ ਉਗਿਆ ਹੈ।
ਚੁੱਪ ਤੋੜਨ ਲਈ, ਹਵਾ ਦਾ ਰੁੱਖ ਮੋੜਨ ਲਈ
ਰੂਹ ਆਪਣੀ ਹੋਂਦ ਦੇ ਅਰਥ
ਬਦਲ ਹੀ ਲਵਾਂ ਤਾਂ ਚੰਗਾ ਹੈ।
ਇਸ ਤਰ੍ਹਾਂ ਜ਼ਿੰਦਗੀ ਦੇ ਢਾਰੇ ਹੇਠ
ਕਿੰਨਾ ਕੁ ਚਿਰ ਜੀਵਾਂਗਾ।
ਮੇਰੇ ਲਈ ਔਖਾ ਹੈ
ਧੁੰਨੀ 'ਚ ਕਸਤੂਰੀ ਪੈਦਾ ਕਰਨੀ
ਜਦੋਂ ਖੁਸ਼ਬੂ ਦੇ ਹੀ ਅਰਥ ਬਦਲੇ ਹਨ।

(ਛੱਪ ਰਹੀ ਪੁਸਤਕ 'ਤੀਸਰੀ ਅੱਖ' ਵਿਚੋਂ)

## ਸਮਾਨਾਂਤਰ ਰੇਖਾਵਾਂ

ਸੁਖਿੰਦਰ / ਟਰਾਂਟੋ

ਹਰ ਮੌਸਮ ਵਿਚ ਸਦਾਬਹਾਰ
ਕਾਗਜ਼ੀ ਫੁੱਲਾਂ ਦੇ ਗੁਲਦਸਤਿਆਂ ਜਿਹੀਆਂ
ਉਹ ਬਗਲਿਆਂ ਦੀਆਂ ਡਾਰਾਂ
ਉੱਡ ਰਹੀਆਂ ਹਨ
ਮੇਰੇ ਨਾਲੋ ਨਾਲ
ਸਮਾਨਾਂਤਰ ਰੇਖਾਵਾਂ ਦੇ ਵਾਂਗ
ਆਪਣੇ ਚਿੱਟੇ ਤੇ ਚਮਕਦਾਰ ਖੰਭਾਂ ਦੀ
ਫੜਫੜਾਹਟ ਸੰਗ
ਸਾਡੀਆਂ ਅੱਖਾਂ ਨੂੰ ਚੁੰਧਿਆ ਦੇਣ ਵਾਲੇ
ਧਰਤੀ 'ਤੇ ਰੰਗ ਬਰੰਗੀ ਧੂੜ ਵਾਲੇ
ਬੱਦਲ ਬਣਾਂਦਿਆਂ ਹੋਇਆਂ

ਧੂੜ, ਜੋ ਸਾਡੀਆਂ ਅੱਖਾਂ, ਨੱਕ, ਮੂੰਹ ਤੇ ਕੰਨਾਂ 'ਚੋਂ ਹੁੰਦੀ ਹੋਈ
ਸਾਡੇ ਜਿਗਰ ਤੱਕ ਫੈਲ ਗਈ ਹੈ
ਧੂੜ, ਜੋ ਸਾਡੇ ਅੰਗ ਸੰਗ ਵਿਚ ਪਸਰ ਰਹੀ ਹੈ
ਧੂੜ, ਜੋ ਇਕ ਦਿਨ
ਸਾਨੂੰ ਧੂੜ ਵਿਚ ਹੀ ਬਦਲ ਦੇਵੇਗੀ।

•

## ਕਵਿਤਾ

ਗੁਰਦੀਪ ਸਿੰਘ ਸੰਧੂ

ਪਵਿੱਤਰ ਵਤਨ ਦੀ ਧਰਤੀ, ਮੈਂ ਤੈਨੂੰ ਸਿਰ ਨਿਵਾਉਂਦਾ ਹਾਂ,
ਤੇਰੀ ਮੈਂ ਖਾਕ ਦੇ ਜ਼ੱਰੇ, ਦਾ ਮੱਥੇ ਤਿਲਕ ਲਾਉਂਦਾ ਹਾਂ।
ਤੇਰੀ ਗੋਦੀ 'ਚੋਂ ਲੈ ਕੇ ਲੋਰੀਆਂ, ਪ੍ਰਵਾਨ ਚੜ੍ਹਿਆ ਹਾਂ,
ਮੈਂ ਆਪਣੀ ਆਬਰੂ, ਤੇਰੀ ਅਣਖ ਦੀ ਖਾਤਰ ਲੁਟਾਉਂਦਾ ਹਾਂ।
ਮੇਰੀ ਜਵਾਨੀ ਮੇਰੀ ਭਾਰਤ ਕਸਮ ਹੈ ਪਿਆਰ ਤੇਰੇ ਦੀ,
ਤੇਰੀ ਬੇੜੀ ਗੁਲਾਮੀ ਦੀ ਸਦਾ ਲਈ ਤੋੜ ਦੇਵਾਂਗੇ।
ਜਿਸਨੇ ਚਾੜ੍ਹਿਆ ਸਿਰ ਲਾਜਪੱਤ ਦੇ ਖੂਨ ਦਾ ਕਰਜ਼ਾ,
ਇਹ ਕਰਜ਼ਾ ਉਸੇ ਪਾਪੀ ਨੂੰ ਉਹਦੇ ਹੀ ਮੋੜ ਦੇਵਾਂਗੇ।
ਤੇਰੇ ਮੂੰਹ ਤੇ ਮੇਰੀ ਮਾਤਾ, ਉਦਾਸੀ ਵੇਖ ਨਹੀਂ ਸਕਦੇ,
ਸੁਆਲਾਂ ਵਿੱਚ ਸ਼ਹੀਦਾਂ ਦਾ ਅਜੇ ਕੁਝ ਖੂਨ ਬਾਕੀ ਹੈ।
ਨਵੀਂ ਕੋਈ ਜਾਚ ਨਹੀਂ ਪ੍ਰਵਾਨਿਆਂ ਨੇ ਮਰਨ ਦੀ ਸਿੱਖੀ,
ਅਜੇ ਤੱਕ ਦੇਸ਼ ਭਗਤੀ ਦਾ ਜਿਸਮ ਵਿੱਚ ਲਹੂ ਬਾਕੀ ਹੈ।
ਚਾਚੇ ਜੀਤ ਸਿੰਘ ਵਾਂਗੂ, ਮੈਂ ਆਪਾ ਵੀ ਲੁਟਾ ਸਕਨਾਂ,
ਤੇ ਮੈਂ ਤਿਆਰ ਹਾਂ ਜੀਵਨ ਦੀ ਆਪਣੀ ਹਰ ਤਬਾਹੀ ਲਈ।
ਮੇਰੇ ਘਰ ਦੀ ਹਰ ਵਸਤੂ, ਤੇ ਮੇਰੀ ਜਿੰਦ ਹਾਜ਼ਰ ਹੈ
ਵਤਨ ਦੇ ਸਰਫ਼ਰੋਸ਼ਾਂ ਲਈ, ਵਤਨ ਦੇ ਹਰ ਸਿਪਾਹੀ ਲਈ।
ਲਹੂ ਫਾਂਸੀ ਦੇ ਤਖਤੇ ਤੇ ਅਸੀਂ ਤੇਰੀ ਆਜ਼ਾਦੀ ਦਾ,
ਇਨਕਲਾਬ ਜ਼ਿੰਦਾਬਾਦ, ਜ਼ਿੰਦਾਬਾਦ ਗਾਵਾਂਗੇ।
ਲਾਲ ਕਿਲ੍ਹੇ ਦੇ ਉੱਤੇ ਤੂੰ ਝੰਡਾ ਝੂਲਦਾ ਵੇਖੀ,
ਤੇ ਤ੍ਰਿਉਕਿ ਖੂਨ ਵਿੱਚ ਇਸਤੇ ਨਵੀਂ ਰੰਗਣ ਚੜ੍ਹਾਵਾਂਗੇ।
ਬਹਾਰਾਂ ਆਉਣ ਦੇ ਉੱਤੇ ਖਿੜਾਂ ਦਾ ਰੂਪ ਹੋਵੇਗਾ,
ਅਨੋਖੀ 'ਵਾਜ ਆਵੇਗੀ, ਹਰ ਗਭਰੂ ਦੀ ਛਾਤੀ 'ਚੋਂ,
ਮਰਕੇ ਕੌਮ ਦੀ ਖਾਤਰ "ਸੰਧੂ" ਕੁਰਬਾਨ ਹੋ ਜਾਣਾ
ਤੂੰ ਬਾਕੀ ਦਾਸਤਾਂ ਪੁੱਛੀਂ, ਸਦਾ ਸਤਲੁਜ ਦੇ ਪਾਣੀ 'ਚੋਂ।
ਤੂੰ ਬਾਕੀ ਦਾਸਤਾਂ ਪੁੱਛੀਂ, ਸਦਾ ਸਤਲੁਜ ਦੇ ਪਾਣੀ 'ਚੋਂ।

•

## ਸੱਚੀ ਗੱਲ

ਇੰਦਰਜੀਤ ਭੋਤੇ

ਮੈਂ ਜਾਂਦਾ ਹਾਂ ਹੈਰਾਨ
ਦੁਕਾਨਦਾਰ ਦੀ ਗੱਲ ਸੁਣ ਕੇ
ਜਦੋਂ ਕਹਿੰਦਾ ਹੈ
ਬਣਾ ਕੇ ਪਾਟੇ ਗੀਝੇ ਵਰਗਾ ਮੂੰਹ
ਕਿ ਵੱਡੀਆਂ ਮੱਛੀਆਂ
ਖਾ ਕੇ ਛੋਟੀਆਂ ਮੱਛੀਆਂ ਨੂੰ
ਕਰਦੀਆਂ ਹਨ ਗੁਜ਼ਾਰਾ
ਤਾਂ ਇਨਕਾਰ ਕਰ ਦੇਂਦਾ ਹੈ
ਪੈਸੇ ਦੇਣ ਤੋਂ
ਦਿਹਾੜੀਦਾਰਾਂ ਨੂੰ
ਉਹਨਾਂ ਦੀਆਂ ਦਿਹਾੜੀਆਂ ਦੇ
ਕਹਿੰਦਾ ਹੈ
ਆਟਾ, ਦਾਲਾਂ, ਲੂਣ ਮਿਰਚਾਂ ਵਗੈਰਾ
ਜੋ ਕੁਝ ਚਾਹੀਦਾ ਹੈ
ਲੈ ਜਾਉ ਮੇਰੀ ਦੁਕਾਨ ਤੋਂ,
ਦੂਣੀ ਛਿਲ ਲਾਹੁੰਦਾ,
ਪੱਲੇ ਕੁਝ ਨਾ ਪਾਉਂਦਾ
ਕਹਿ ਕੇ ਸੁਣਾਉਂਦਾ
ਬਾਰ ਬਾਰ ਦੁਹਰਾਉਂਦਾ
ਦੇ ਤਾਂ ਦਿੰਦੇ,
ਨਕਦ ਪੈਸੇ
ਪਰ,
ਸੱਚੀ ਗੱਲ
ਕਿ ਪੈਸੇ ਨਕਦ ਦੇਣੇ ਤਾਂ
ਸਿਖਾਇਆ ਹੀ ਨਹੀਂ ਸਾਨੂੰ
ਸਾਡੇ ਪਿਉ ਦਾਦੇ ਨੇਂ।

•

## ਮੇਰਾ ਜੀਵਨ

ਅਵਤਾਰ ਕਜ਼ਲਾ

ਮੈਂ ਸੋਚਦੀ ਹਾਂ,
ਮੇਰਾ ਜੀਵਨ.....
ਕਿੰਨਾ ਉਜਲਾ ਹੈ ਇਹ ਜੀਵਨ!
ਬਹਾਰਾਂ ਮੇਰੇ ਕਦਮ ਕਦਮ ਤੇ,
ਆ ਕੇ ਰੁਕਦੀਆਂ ਹਨ!!
ਮੇਰੇ ਪ੍ਰੀਤਮ ਦੀ ਮਹਿਮਾਂ
ਮੇਰਾ ਰੰਗ ਹੈ !!!
ਇਹ ਰੰਗ ਕਿੰਨਾਂ ਅਲੰਕਾਰ ਹੈ,
ਜਿਵੇਂ ਚੜ੍ਹਦੇ ਸੂਰਜ ਦੀ ਲੋਅ,
ਮੇਰਾ ਜੀਵਨ ਹੀ ਮੇਰੇ,
ਗੀਤਾਂ ਦੀ ਝੰਕਾਰ ਹੈ।
ਜਦੋਂ ਇਹ ਝੰਕਾਰ ਪਨਪਦੀ ਹੈ,
ਤਾਂ ਮੈਨੂੰ ਇਹ ਅਹਿਸਾਸ ਹੁੰਦਾ ਹੈ,
ਇਹ ਮੋਹ ਹੈ...
ਵਿਹੂਣੀ ਮੋਹ।
ਇਹ ਸੁਪਨਾ ਹੈ,
ਜਿੰਦ ਵਿਹੂਣਾ ਸੁਪਨਾ,
ਨਿਰਸੰਦੇਹ ਇਹ ਸੁਪਨਾ ਹੈ,
ਜਿਸਨੂੰ ਮੈਂ ਅਹਿਸਾਸ ਦਾ ਬਾਣਾ ਪਾਇਆ ਹੈ।

•

# ਮੌਜੂਦਾ ਵਿਦਿਅਕ ਢਾਂਚਾ

– ਐੱਮ. ਐੱਸ. ਭਾਰਦਵਾਜ

ਅਜ ਕਲ੍ਹ, ਹਾਕਮ ਜਮਾਤ ਵਲੋਂ ਦਿਨੇ-ਰਾਤੀਂ ਇਹੋ ਹੀ ਪ੍ਰਚਾਰ ਕੀਤਾ ਜਾ ਰਿਹਾ ਹੈ..... ਕਿ ਮੁਲਾਜ਼ਮਾਂ ਨੂੰ ਸਿਆਸਤ ਵਿਚ ਭਾਗ ਨਹੀਂ ਹੈ ਲੈਣਾ ਚਾਹੀਦਾ...... ਵਿਦਿਆਰਥੀਆਂ ਨੂੰ ਪਾਲਿਟਿਕਸ ਤੋਂ ਦੂਰ ਰਹਿਣਾ ਚਾਹੀਦਾ ਹੈ......ਪਰ ਮੈਂ ਤੁਹਾਥੋਂ ਹੀ ਪੁਛਦਾ ਹਾਂ ਕਿ ਵਿਦਿਆਰਥੀਆਂ-ਮੁਲਾਜ਼ਮਾਂ ਨੂੰ ਦੇਸ਼ ਅੰਦਰਲੀ ਪਾਲਿ-ਟਿਕਸ ਤੋਂ ਲਾਂਭੇ ਰਖਣ ਨਾਲ ਕੀ ਦੇਸ਼ ਦੀ ਵਾਗਡੋਰ ਸਮਾਜ ਦੇ ਬਾਕੀ ਦੇ ਮੁਖ ਵਰਗਾਂ ਮਜ਼ਦੂਰਾਂ-ਕਿਸਾਨਾਂ ਦੇ ਹੱਥੀਂ ਆ ਜਾਵੇਗੀ......? ਕੀ ਕਿਹਾ ਜੇ.. ...? ਬਿਲਕੁਲ ਨਹੀਂ ਆ ਸਕੇਗੀ ??

ਤੇ ਜੇ ਮੁਲਕ ਦੀ ਹਕੂਮਤ ਵਾਲੀ ਵਾਗਡੋਰ ਵਿਦਿਆਰਥੀਆਂ-ਮੁਲਾਜ਼ਮਾਂ-ਮਜ਼ਦੂਰਾਂ-ਕਿਸਾਨਾਂ ਦੇ ਹੱਥ ਨਹੀਂ ਹੋਵੇਗੀ ਤਾਂ ਫਿਰ ਕਿਨ੍ਹਾਂ ਦੇ ਹੱਥ ਹੀ ਹਮੇਸ਼ਾ ਰਹੇਗੀ......? ਬਿਜ਼ਨੈਸਮੈਨ ਦੇ ਹੱਥੀਂ !

ਬਿਲਕੁਲ ਦਰੁਸਤ – ਬਿਜ਼ਨੈਸਮੈਨਾਂ ਦੇ ਹੱਥੀਂ ! ਮੋਟੇ-ਮੋਟੇ ਬਿਜ਼ਨੈਸਮੈਨਾਂ ਦੇ ਹੱਥੀਂ – ਸਰਮਾਏਦਾਰਾਂ ਦੇ ਹੱਥੀਂ, ਅਜਾਰੇਦਾਰਾਂ ਦੇ ਹੱਥੀਂ ।

ਤੇ ਹੋਰ 'ਸਾਡੀ' ਸਰਕਾਰ ਚਾਹੁੰਦੀ ਵੀ ਕੀ ਹੈ......???

ਸੋ ਪਿਆਰੇ ਹਿੰਦੁਸਤਾਨੀਓ, ਵੇਖਿਆ ਜੇ, ਚਲਾਕ ਹਾਕਮ, ਸਰਮਾਇਦਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਖਾਤਰ, ਜੰਤਾ ਦੇ ਸਮੁੱਚੇ ਪੜ੍ਹੇ-ਲਿਖੇ ਹਿੱਸੇ ਨੂੰ ਕਿਵੇਂ ਗੁਮਰਾਹ ਕਰਦੇ ਹਨ। ਸਿਆਸਤ ਤੋਂ ਦੂਰ ਰਵੋ ਤਾਂ ਜੁ ਉਨ੍ਹਾਂ ਦੇ ਆਕਾ ਦੀਆਂ ਲੁੱਟਾ ਬਗ਼ੈਰ ਰੋਕ-ਟੋਕ ਦੇ ਜਾਰੀ ਰਹਿ ਸਕਣ !!

ਪਰ ਸਭ ਤੋਂ ਦੁਖ ਵਾਲੀ ਗਲ ਤਾਂ ਇਹ ਹੈ ਕਿ ਆਮ ਲੋਕ ਵੀ, ਹਾਕਮ ਜਮਾਤ ਦੇ ਪ੍ਰਾਪੇਗੰਡੇ ਤੋਂ 'ਪਭਾ-ਵਿਤ ਹੋਇਆਂ ਅਜ ਦੇ ਪਾੜਿਆਂ (ਕਲ ਦੇ ਮੁਲਾਜ਼ਮਾਂ) ਨੂੰ ਦੇਸ਼ ਅੰਦਰ ਚਲ ਰਹੀ ਸਿਆਸਤ ਵਿਚ ਹਿੱਸਾ ਲੈਣ ਤੋਂ ਵਰਜਨ ਲਗ ਪੈਂਦਾ ਹੈ.........ਤੇ ਨਤੀਜੇ ਵਜੋਂ ਅਨਪੜ੍ਹਾਂ, ਖ਼ੁਦਗਰਜ਼ਾਂ, ਚਰਿਤਰਹੀਨਾਂ, ਦਗਾਬਾਜ਼ਾਂ, ਸ਼ਧਰੋਹੀਆਂ, ਭਰਿਸ਼ਟਾਚਾਰੀਆਂ, ਸ਼ੋਸ਼ੇਬਾਜ਼ਾਂ, ਅਕ੍ਰਿਤਘਣਾ, ਕੰਮਚੋਰਾਂ, ਗਦਾਰਾਂ, ਹਰਾਮਖੋਰਾਂ, ਗੈਰਜ਼ੁੰਮੇਵਾਰਾਂ, ਆਪਹੁਦਰਿਆਂ, 'ਨਾ ਤਜਰਬਾਕਾਰਾਂ' ਜੋਕਰਾਂ, ਉੱਜਡਾਂ, ਅਲਗਰਜ਼ਾਂ, ਲਗੋਜ਼ਿਆਂ, ਵਾਜਿਆਂ, ਧੋਤੀਪ੍ਰਸ਼ਾਦਾਂ, ਕੜਛਦੀਨਾ, ਪੱਗੜ ਸਿੰਘਾਂ, ਮਹੰਤਾਂ-ਮਸੰਦਾਂ, ਵਾਹ ਯਾਤੀਆਂ, ਟਟਪੂੰਜੜਾਂ, ਚੋਰਾਂ-ਉੱਚਕਿਆਂ, ਠੱਗਾਂ-ਠੋਰਾਂ ਬੁਰਛਾਗਰਦਾਂ, ਅਵਾਰਾਗਰਦਾਂ, ਬਲੈਕਮਾਰਕੀਟਰਾਂ, ਸਮੱਗਲਰਾਂ, ਥੋਟਾ-ਹੱੜਪੂਆਂ, ਸਫੈਦਪੋਸ਼ਾਂ, ਜ਼ੈਲਦਾਰਾਂ-ਟਾਊਟਾਂ, ਜੀ ਹਜ਼ੂਰੀਆਂ, ਬੇਗ਼ੈਰਤੀਆਂ, ਸ਼ਰਾਬੀਆਂ-ਕਬਾਬੀਆਂ, ਬਿਕਰਕਾਂ, ਵਹਿਸ਼ੀਆਂ ਗੁੰਡਿਆਂ, ਡਾਕੂਆਂ, ਬਲਾਤਕਾਰੀਆਂ, ਦੱਲਿਆਂ, ਦਲਾਲਾਂ ਘੁੱਗੂਆਂ, ਅਕਲ ਦੇ ਅੰਨ੍ਹਿਆਂ, ਅਵਲ ਦਰਜੇ ਦੇ ਬੇਵਕੂਫਾਂ, ਫਿਰਕਾਪ੍ਰਸਤਾਂ, ਮੌਕਾ ਪ੍ਰਸਤਾਂ..... ਕੁਣਬਾਪਰਵਰਾਂ ਦੇ ਹੱਥੀ 68 ਕਰੋੜ ਦੇਸ਼ਵਾਸੀਆਂ ਦੀ ਕਿਸਮਤ ਦਾ ਫੈਸਲਾ ਕਰਨ ਵਾਲੀ ਤਕੜੀ ਆ ਜਾਂਦੀ ਹੈ । .........ਮੈਂ, ਕੋਈ ਗ਼ਲਤ ਤਾਂ ਨਹੀਂ ਹਾਂ ਕਹਿ ਗਿਆ ?

...ਅਤੇ ਫਿਰ ਜੋ ਰੰਗ ਇਹ ਚਮਕੀਲੇ-ਭੜਕੀਲੇ-ਹਠੀਲੇ-ਲਚਕੀਲੇ ਤੇ ਰੰਗੀਲੇ, ਗ਼ਰੀਬਾਂ ਦੇ ਖਾਨਦਾਨੀ ਹਮਦਰਦ (ਅਮੀਰਾਂ ਦੇ ਜੰਮਾਦਰੂ ਏਜੰਟ) ਵਖਾਉਂਦੇ ਹਨ......ਜੋ ਨੀਤੀਆਂ ਅਤੇ ਯੋਜਨਾਵਾਂ ਇਹ ਲਾਗੂ ਕਰਦੇ ਹਨ. ਉਨਾਂ ਨੂੰ ਵੇਖ ਵੇਖ ਕਬਰਾਂ ਵਿਚ ਸੁੱਤਾ ਹੋਇਆ ਮੁਹੰਮਦ-ਤੁਗ਼ਲਕ ਵੀ ਇਕ ਵੇਰ੍ਹਾਂ ਤਾਂ ਸ਼ਰਮਸਾਰ ਹੋ ਜਾਂਦਾ ਹੈ – ਜਿਨ੍ਹਾਂ ਨੀਤੀਆਂ ਦੀ ਬਦੌਲਤ ਡਾਕਟਰਾਂ ਇੰਜੀਨੀਅਰਾਂ ਟੈਕਨੀਸ਼ਅਨਾਂ ਅਤੇ ਹੋਰ ਹਰ ਪ੍ਰਕਾਰ ਦੇ ਬੁਧੀਜੀਵੀਆਂ ਨੂੰ ਖੂਡੇ ਲਾਈਨ ਲਾ ਦਿਤਾ ਗਿਆ ਹੈ... ਕਾਮੇ ਗ਼ਰੀਬੀ-ਰੇਖਾ ਤੋਂ ਕੰਗਾਲੀ ਵਲ ਦਾ ਸਫਰ ਕਰਨ ਲਈ ਮਜ਼ਬੂਰ ਹੋ ਚੁਕੇ ਹਨ...ਕਲ੍ਹ ਦੇ ਪਾੜ੍ਹਿਆਂ (ਅਜ ਦੇ ਮੁਲਾਜ਼ਮਾਂ-ਅਧਿਕਾਰੀਆਂ) ਦਿਆਂ ਦਿਮਾਗਾਂ ਨੂੰ ਜ਼ੰਗ ਲਗ ਚੁਕਾ ਹੈ ਅਤੇ ਅਜ ਦੇ ਪਾੜ੍ਹਿਆਂ (ਵਿਦਿਆਰਥੀਆਂ) ਦਾ ਭਵਿਖ-ਕਾਲਾ, ਸ਼ਾਹ ਹੋ ਚੁਕਾ ਹੈ.......ਅਤੇ ਦੇਸ਼ ਦੀ ਰੀੜ ਦੀ ਹੱਡੀ ਦਾ (ਚਿੱਟਾ ਅਤੇ ਹਰਿਆ ਇਨਕਲਾਬ ਆ ਜਾਣ ਦੇ ਬਾਵਜੂਦ) ਕੜਾਕਾ ਨਿਕਲ ਚੁਕਾ ਹੈ...... ਅਜ਼ਾਦੀ-ਭਰੇ 34 ਸਾਲ ਗੁਜ਼ਰ ਜਾਣ ਮਗਰੋਂ ਉਹ 70 ਸਾਲ ਪਹਿਲਾਂ ਵਾਲੀਆਂ ਹਾਲਤਾਂ ਤੋਂ ਵੀ ਅਗੇ ਲੰਘਦੇ ਜਾ ਰਹੇ ਹਨ ।

ਹਾਂ ਤੇ ਪਾਠਕ ਸਜਣੋ, ਪਾੜਿਆਂ ਨੂੰ ਸਿਆਸਤ ਤੋਂ ਦੂਰ ਰਖਣ ਵਿਚ ਇਕ ਡੂੰਘੀ ਸਾਜ਼ਿਸ਼ ਛੁੱਪੀ ਹੈ ਤੇ ਇਸ ਸਾਜ਼ਿਸ਼ ਦਾ ਵਡਾ ਭਗ ਹੈ ਕਿ ਦੇਸ਼ ਦਾ ਵਿਦਿਯਾ ਸਿਸ-ਟਮ ਇਹੋ ਜਿਹਾ ਕਾਰਜ-ਕ੍ਰਮ ਰਖਿਆ ਜਾਏ ਕਿ ਵਿਦਿਆਰਥੀ ਵਿਦਅਕ ਸੰਸਥਾਵਾਂ ਤੋਂ ਨਕਾਰਾ ਹੋ ਕੇ ਨਿਕਲੇ । ਰੁਜ਼ਗਾਰ ਦਾ ਫਿਕਰ ਉਸ ਉਤੇ ਹਰ ਵੇਲੇ ਹਾਵੀ ਹੋਵੇ । ਨਾ ਉਹ ਕੁਝ ਆਪਣੇ ਬਾਰੇ ਸੋਚ ਸਕੇ ਤੇ ਨਾ ਸਮਾਜ ਬਾਰੇ ਸੋਚ ਸਕੇ । ਇਕ ਮਾਯੂਸ ਜਿਹਾ ਵਿਅਕਤੀ ਨਿਬੜਕੇ ਉਹ ਦੱਰਬੱਦਰ ਧੱਕੇ ਖਾਂਦਾ ਰਵੇ । ਇਸ ਕਰਕੇ ਜੇਕਰ ਵਿਦਿ-ਆਰਥੀਆਂ ਨੇ ਦੇਸ਼ ਦੀ ਸਿਆਸਤ ਵਿਚ ਸਰਗ਼ਰਮ ਹਿੱਸਾ ਪਾਉਣਾ ਹੈ ਤਾਂ ਉਹਨਾਂ ਨੂੰ ਆਪਣੇ ਸਿਖਿਅਕ ਸਿਸਟਮ ਵਿਚ ਤਬਦੀਲੀ ਲਿਆਉਣ ਲਈ ਸੰਘਰਸ਼ ਕਰਨਾ ਪਵੇਗਾ ਤੇ ਇਹਦੇ ਲਈ ਇਸ ਦੀ ਪੂਰੀ ਜਾਣਕਾਰੀ ਦੀ ਜ਼ਰੂਰਤ ਹੈ । ਇਹ ਲੇਖ ਇਸ ਮੰਤਵ ਨੂੰ ਹੀ ਪੂਰਾ ਕਰਨ ਲਈ ਲਿਖਿਆ ਗਿਆ ਹੈ ।

ਮੁਗਲਾਂ ਦੇ ਪਤਨ ਤੋਂ ਮਗ਼ਰੋਂ, ਅੰਗਰੇਜ਼ ਸਾਡੇ ਦੇਸ਼ ਦੇ ਹਾਕਮ ਬਣੇ । ਵਪਾਰੀ ਤੋਂ ਹਾਕਮ ਬਣਿਆ ਅੰਗਰੇਜ਼, ਪਹਿਲਾਂ ਪਹਿਲ ਤਾਂ ਕੇਵਲ ਗਰਮ ਮਸਾਲੇ ਹੀ ਸਸਤੇ ਭਾਅ ਭਾਰਤ ਤੋਂ ਖਰੀਦ ਕੇ ਲੰਡਨ ਖੜਿਆ ਕਰਦੇ ਸਨ ਪਰ ਚੰਦ ਸਾਲਾਂ ਮਗਰੋਂ ਉਸਦੀ ਨਜ਼ਰ

ਬੰਗਾਲ ਦੀ ਪਟਸਨ ਅਤੇ ਅਸਾਮ ਦੀ ਚਾਹ ਤੇ ਆਣ ਟਿਕੀ । ਆਸਾਮ-ਬੰਗਾਲ (ਸਮੇਤ ਬੰਗਲਾ ਦੇਸ਼) ਦੇ ਦੂਰ-ਦਰਾਡੇ ਪਿੰਡਾਂ-ਕਸਬਿਆਂ ਵਿਚ ਸੈਂਕੜੇ ਮਣ ਪਟਸਨ, ਚਾਹ, ਰੇਸ਼ਮ, ਸੰਦਲ ਦੀ ਲਕੜੀ, ਕਾਫੀ, ਪੈਟਰੋਲ ਵਗੈਰਾ ਵਗੈਰ ਇੰਗਲੈਂਡ ਘੜਨ ਵਾਸਤੇ ਕੱਲਕਤੇ ਦੀ ਬੰਦਰ-ਗਾਹਾਂ ਤੋਂ ਲੈ ਕੇ ਸਿਲੀਗੁੜੀ ਤੀਕ ਰੇਲਾਂ ਦਾ ਜਾਲ ਵਛਾਇਆ ਗਿਆ । ਗੁਹਾਟੀ, ਤਿਨਸੁਕੀਆ, ਤੇਜਪੁਰ ਸ਼ਿਲਾਂਗ, ਬਰੌਨੀ ਆਦਿ ਨੂੰ ਸੜਕਾਂ ਰਾਹੀਂ ਜੋੜਿਆ ਗਿਆ । ਗਰਮ ਮਸਾਲਿਆਂ ਦੇ ਨਾਲ-ਨਾਲ ਵਧੀਆ ਕਿਸਮ ਦੀ ਲਕੜੀ, ਸੁਨੈਹਰੀ ਰੇਸ਼ਮ ਪਟਸਨ, ਚਾਹ ਆਦਿ ਦੇ ਵੀ ਜਹਾਜ਼ਾਂ ਦੇ ਜਹਾਜ਼ ਲੰਡਨ ਪੁਜਣ ਲਗੇ ਪਰ ਲਾਲਚੀ ਅੰਗਰੇਜ਼ ਦੀ ਹਵਸ ਪੂਰੀ ਨਾ ਹੋਈ। ਬੰਗਾਲ, ਬਿਹਾਰ, ਯੂ.ਪੀ. ਤੋਂ ਵਧਦਿਆਂ-ਵਧਦਿਆਂ ਫਰੰਗੀ ਨੇ ਪੰਜ-ਆਬ ਦੀ ਧਰਤੀ ਵਲ ਆਪਣੀਆਂ ਨਜ਼ਰਾਂ ਮੋੜੀਆਂ । ਅੰਮ੍ਰਿਤਸਰ, ਜਲੰਧਰ, ਲਹੌਰ, ਸ੍ਰੀ ਨਗਰ ਵਰਗੇ ਇਲਾਕਿਆਂ ਵਿਚੋਂ ਕਣਕ-ਕਪਾਹ, ਜੌਂ-ਛੋਲੇ, ਆਲੂ-ਬਤਾਊਂ, ਕੇਲੇ-ਸੇਬ, ਬਦਾਮ-ਅਖਰੋਟ ਵੀ ਹਿੰਦੁਸਤਾਨੀ ਬੱਚਿਆਂ ਦੇ ਮੂੰਹੋਂ ਖੋਹ-ਖੋਹ ਕੇ, ਫਰੰਗੀ ਆਪਣੇ ਟੱਬਰਾਂ ਵਾਸਤੇ ਵਲੈਤ ਲੈ ਜਾਂਦੇ । ਕਣਕ, ਕਪਾਹ, ਸ਼ਹਿਦ, ਮੱਖਣ ਸਿਰਫ ਇੰਗਲੈਂਡ ਹੀ ਨਹੀਂ ਸਨ ਖੜਦੇ ਸਗੋਂ ਹੋਰਨਾਂ ਯੂਰਪੀਅਨ ਦੇਸ਼ਾਂ ਨੂੰ ਵੀ ਅਗੋਂ ਮਹਿੰਗੇ ਭਾ ਵੇਚ ਛਡਦੇ । ਵਪਾਰ ਵਿਚ ਭਾਰੀ ਮੁਨਾਫ਼ਾ ਹੋਣ ਕਾਰਨ; ਸਵਾਇਆ, ਡਿਉਢਾ, ਦੂਗਣਾ, ਤਿਗੁਣਾ – ਹਰ ਸਾਲ ਪਹਿਲੇ ਸਾਲ ਨਾਲੋਂ ਵਧ ਮਾਲ ਹੀ ਬਾਹਰ ਭੇਜੀ ਜਾਂਦੇ । ਵਧੇਰੇ, ਹੋਰ ਵਧੇਰੇ ਐਕਸਪੋਰਟ ਕਰਨ ਖਾਤਰ, ਉਨ੍ਹਾਂ ਨੇ ਮਾਲਵੇ, ਮਾਝੇ ਮੁਲਤਾਨ ਦੇ ਇਲਾਕੇ ਵਿਚ ਨਵੀਆਂ ਨਹਿਰਾਂ ਬਨਾਉਣ ਬਾਬਤ ਸੋਚਿਆ ਤਾਂ ਜੁ ਮਿੰਟਗੁਮਰੀ, ਲਾਇਲਪੁਰ ਦੀਆਂ ਬਾਰਾਂ ਤੋਂ (ਜੰਗਲ ਦਾ ਵਿਕਾਸ ਕਰਕੇ) ਵਧੀਆ ਕਿਸਮ ਦੀ ਕਣਕ ਪ੍ਰਾਪਤ ਕਰ ਸਕਣ । ਲਾਇਲ-ਪੁਰ ਪਾਕਿਸਤਾਨ ਦੇ ਇਲਾਕੇ ਦੀ ਕਣਕ ਦੀ ਡਬਲਰੋਟੀ ਗੋਰੇ-ਗੋਰੀਆਂ ਬੜੇ ਸਵਾਦ ਨਾਲ ਖਾਂਦੇ ਸਨ ।

* ਕਾਲਜਾਂ ਦਾ ਜਨਮ *

ਨਵੀਆਂ ਰੇਲਾਂ, ਨਹਿਰਾਂ, ਸੜਕਾਂ ਕਢਣ ਵਾਸਤੇ ਓਵਰਸੀਅਰਾਂ ਦੀ ਲੋੜ ਪਈ, ਸਰਵੇਅਰਾ ਅਤੇ ਪਟਵਾਰੀਆਂ-ਕਾਨੂੰਨ ਗੋਆਂ ਦੀ ਲੋੜ ਪਈ । ਪਹਿਲਾਂ-ਪਹਿਲ ਤਾਂ ਓਵਰਸੀਅਰ ਵੀ ਅੰਗਰੇਜ਼ ਹੁੰਦੇ ਸਨ ਪਰ ਬੇਅੰਤ ਨਹਿਰਾਂ ਬਣਾਉਣ ਖਾਤਰ ਢੇਰ ਸਾਰੇ ਓਵਰਸੀਅਰਾਂ, ਸਰਵੇਅਰਾਂ ਡਰਾਫਸਮੈਂਨਾ (ਨਕਸ਼ਾ ਨਵੀਸਾਂ) ਦੀ ਲੋੜ ਸੀ । ਲੰਡਨ ਤੋਂ ਆਉਣ ਵਾਲੇ ਗੋਰੇ ਓਵਰਸੀਅਰਾਂ ਨੂੰ ਬਹੁਤ ਭਾਰੀ ਭੱਤੇ ਦੇਣੇ ਪੈਂਦੇ ਸਨ । ਸੋ ਅੰਗਰੇਜ਼ਾਂ ਨੇ ਦੇਸੀ ਓਵਰਸੀਅਰ ਪੈਦਾ ਕਰਨ ਬਾਬਤ ਸਕੀਮ ਬਣਾਈ ਤਾਂ ਜੁ ਅੰਗਰੇਜ਼ਾਂ ਦੀ ਬਜਾਏ ਮਮੂਲੀ ਤਨਖਾਹਾਂ ਉਪਰ ਹਿੰਦੀ ਓਵਰਸੀਅਰ ਮਿਲ ਸਕਣ । ਇਸ ਸਕੀਮ ਤਹਿਤ ਹੀ, ਹਿੰਦੋਸਤਾਨ ਵਿਚ ਸਭ ਤੋਂ ਪਹਿਲਾਂ ਰੁੜਕੀ-ਇੰਨਜੀਨਰਿੰਗ ਕਾਲਜ ਸੰਨ 1840 ਦੇ ਕਰੀਬ ਹੋਂਦ ਵਿਚ ਆਇਆ । ਪੁਰਾਣੇ ਪੰਜਾਬ ਦਾ ਇਤਿਹਾਸਕ ਕਾਲਜ-ਖਾਲਸਾ-ਕਾਲਜ ਅੰਮ੍ਰਿਤਸਰ ਇਸ ਤੋਂ ਕੋਈ ਪੰਜਾਹ ਸਾਲ ਮਗਰੋਂ ਬਣਿਆਂ ਸੀ । ਥਾਮਸਨ ਪਾਲੀ-ਟੈਕਨਕ ਰੁੜਕੀ ਅਤੇ ਰਸੂਲ ਪਾਲੀਟੈਕਨਕ (ਪਾਕਿਸਤਾਨ) ਇੰਨਜੀਨਰਿੰਗ ਦੇ ਦੋ ਸਭ ਤੋਂ ਪੁਰਾਣੇ ਅਦਾਰੇ ਹਨ ।

ਸਮੇਂ ਦੇ ਗੁਜ਼ਰਨ ਨਾਲ ਹੋਰ ਵੀ ਬਹੁਤ ਸਾਰੇ ਆਰਟਸ ਸਾਇੰਸ ਕਾਲਜ ਹੋਂਦ ਵਿਚ ਆਏ ਜਿਨਾਂ ਸਦਕਾ ਤੇਜ਼ੀ ਨਾਲ ਹੋ ਰਹੇ ਰੇਲਾਂ, ਸੜਕਾਂ ਨਹਿਰਾਂ, ਸਕੂਲਾਂ, ਹਸਪਤਾਲਾਂ, ਬਿਜਲੀ ਅਤੇ ਬਿਲਡਿੰਗ ਵਿਭਾਗਾਂ ਦੇ ਵਿਕਾਸ ਖਾਤਰ, ਬਹੁਤ ਸਾਰੇ ਦੇਸੀ ਕਲਰਕ ਬਾਬੂ, ਮੁਣਸ਼ੀ, ਸਰਵੇਅਰ, ਮਕੈਨਕ, ਪਟਵਾਰੀ, ਅਕਾਊਂਟੈਂਟ ਪ੍ਰਾਪਤ ਹੋਏ । ਸੰਨ 1880–1930 ਦੇ ਪੰਜਾਹ ਸਾਲਾਂ ਦੌਰਾਨ ਹਿੰਦੁਸਤਾਨ ਵਿਚ ਰੇਲਾਂ-ਸੜਕਾਂ-ਸਕੂਲਾਂ-ਨਹਿਰਾਂ-ਕਾਲਜਾਂ-ਹਸਪਤਾਲਾਂ ਦੇ ਮਹਿਕਮਿਆਂ ਨੇ ਬਹੁਤ ਭਾਰੀ ਵਿਕਾਸ ਕੀਤਾ । ਪਰ ਇਥੇ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਅੰਗਰੇਜ਼ ਹਿੰਦੁਸਤਾਨ ਦੀ ਤਰੱਕੀ ਕਰਨ ਖਾਤਰ ਨਹੀਂ ਆਏ ਸੀ, ਭਾਰਤਵਾਸੀਆਂ ਦੀ ਟਹਿਲ-ਸੇਵਾ ਕਰਨ ਲਈ ਨਹੀਂ ਆਏ ਸਨ । ਰੇਲਾਂ-ਨਹਿਰਾਂ-ਸੜਕਾਂ ਦੇ ਜਾਲ, ਉਹਨਾਂ ਹਿੰਦੁਸਤਾਨ ਵਿਚੋਂ 'ਵਧੇਰੇ' ਪੈਦਾਵਾਰ ਕਰਵਾ ਕੇ, 'ਸੌਖਿਆਂ,' ਇੰਗਲੈਂਡ ਪੁਜਦਾ ਕਰਨ ਖਾਤਰ ਵਿਛਾਏ ਸਨ । ਰੇਲਾਂ-ਸੜਕਾਂ ਜ਼ਰੀਏ ਹੀ ਉਹ ਪੁਲੀਸ-ਫੌਜ ਦੂਰ-ਦੁਰੇਡੀਆਂ ਥਾਵਾਂ ਤੇ, ਲੋਕਾਂ ਤੇ ਕੰਟਰੋਲ ਕਰਨ ਵਾਸਤੇ ਭੇਜ ਸਕਦੇ ਹਨ !! ਇਹ ਜਾਲ ਵਿਛਾਉਣ ਖਾਤਰ ਹੀ ਵੱਖ ਵੱਖ ਇੰਨਜੀਨਰਿੰਗ/ਆਰਟ/ਸਾਇੰਸ ਕਾਲਜ ਹੋਂਦ ਵਿਚ ਆਏ ਸਨ !! ਖੈਰ, ਸਮਾਂ ਗੁਜਰਦਾ ਗਿਆ ਤੇ 1947 ਆ ਪਹੁੰਚਾ । ਲਾਲਕਿਲੇ ਤੇ ਯੂਨੀਅਨ ਜੈਕ ਦੀ ਜਗ੍ਹਾ ਤਰੰਗਾ ਝੂਲਣ ਲਗ ਪਿਆ । ਅਜ਼ਾਦੀ ਦੇ ਪਹਿਲੇ 10–15 ਸਾਲਾਂ ਦੁਰਾਨ ਹੀ ਭਾਖੜਾ ਡੈਮ ਵਰਗੇ ਪ੍ਰੋਜੈਕਟ ਬਣ ਗਏ ਜਿਨ੍ਹਾਂ ਨੂੰ ਵੀਹਵੀਂ ਸਦੀ ਦੇ ਮੰਦਰਾਂ ਵਜੋਂ ਸਦਿਆ ਜਾਣ ਲਗਾ । ਇਨ੍ਹਾਂ ਪ੍ਰੋਜਕਟਾਂ ਸਦਕਾ ਬਿਜਲੀ-ਸ਼ਕਤੀ ਵਿਚ ਵਾਧਾ ਹੋਇਆ ਜਿਸ ਰਾਹੀਂ ਸੈਂਕੜੇ ਕਾਰਖਾਨੇ, ਮਿੱਲਾਂ, ਫੈਕਟਰੀਆਂ ਹੋਂਦ ਵਿਚ ਆਈਆਂ । ਪਰ 1960 ਟਪਦਿਆਂ ਹੀ ਵਿਕਾਸ ਦੀ ਰਫਤਾਰ ਮਧਮ ਪੈਣ ਲਗੀ ਜੋ ਆਇਸਤਾ-ਆਇਸਤਾ ਹੁੰਦੀ ਹੋਈ 1970 ਤੀਕ ਪ੍ਰਾਣ ਛਡ ਗਈ । ਇਕ ਪਾਸੇ ਤਾਂ ਵਿਕਾਸ ਦੀ ਚਾਲ ਜੂੰ ਨੂੰ ਵੀ ਸ਼ਰਮਿੰਦਿਆਂ ਕਰਨ ਲਗੀ, ਦੂਸਰੇ ਪਾਸੇ 1955 ਤੋਂ ਮਗਰੋਂ ਕਾਂਗਰਸ ਵਿਚ ਭਰਿਸ਼ਟਾ-ਚਾਰੀ ਨੇ ਜੜ੍ਹਾਂ ਫੜਨੀਆਂ ਸ਼ੁਰੂ ਕਰ ਦਿਤੀਆਂ । ਭਰਿਸ਼ਟਾਚਾਰੀ ਤੋਂ ਇਲਾਵਾ ਕੁਨਬਾਪਰਵਰੀ ਵੀ ਆਪਣੇ ਰੰਗ ਵਖਾਉਣ ਲਗੀ । ਸੰਨ 1957 ਦੁਰਾਨ, ਸ੍ਰੀ ਮਤੀ ਇੰਦਰਾ ਗਾਂਧੀ ਦੀ ਸਲਾਹ ਤੇ (ਉਸ ਵਕਤ ਇਹ ਕਾਂਗਰਸ ਦੇ ਪ੍ਰਧਾਨ ਸਨ), ਬਿਨਾਂ-ਵਜ੍ਹਾ, ਕੇਰਲਾ ਦੀ ਦੀ ਨੰਬੂਦਰੀਪਾਦ-ਸਰਕਾਰ ਨੂੰ ਡਿਸਮਿਸ ਕਰਨਾ ਜਵਾਹਰ-ਲਾਲ ਹੋਰਾਂ ਵਲੋਂ ਇੰਦਰਾ ਜੀ ਨੂੰ ਪਰੋਜੈਕਟ ਕਰਨਾ ਤੇ ਉਸਨੂੰ ਹੀਰੋਇਨ ਬਨਾਉਣਾ ਸੀ ।

ਕੁਣਬਾਪਰਵਰੀ ਅਤੇ ਭਰਿਸ਼ਟਾਚਾਰੀ ਵਿਚ ਪੰਜਾਬ ਦੇ ਮੁੱਖ-ਮੰਤਰੀ ਕੈਰੋਂ ਅਤੇ ਜੰਮੂ ਕਸ਼ਮੀਰ ਦੇ ਮੁੱਖ-ਮੰਤਰੀ ਬਖਸ਼ੀ ਗੁਲਾਮ ਮੁਹੰਮਦ ਹੋਰਾਂ ਦੇ 'ਸਪੁਤਰਾਂ' ਦੇ ਨਾਉਂ ਵੀ ਜੁੜਨ ਲਗੇ । ਬਸ ਜਿਉਂ ਹੀ ਭੂਆ-ਭਤੀਜੀ (ਕੁਣਬਾਪਰਵਰੀ ਭਰਿਸ਼ਟਾਚਾਰੀ) ਹੋਂਦ ਵਿਚ ਆਈਆਂ, ਦੇਸ਼ ਵਿਚ ਦੁਰਪ੍ਰਬੰਧ ਨੇ ਜਨਮ ਲੈ ਲਿਆ । ਕੁਰੱਪਟ ਮੰਤਰੀ, ਮੁੱਖ-ਮੰਤਰੀ ਆਪਣੇ ਹੇਠ-ਲਿਆਂ ਅਫਸਰਾਂ ਤੋਂ ਕਦੇ ਵੀ ਅੱਖਾਂ ਮਿਲਾ ਕੇ ਕੰਮ ਨਹੀਂ ਸਨ ਕਢਵਾ ਸਕਦੇ । ਅਫਰਸ਼ਾਹੀ ਦੀਆਂ ਵਾਗਾਂ ਢਿਲੀਆਂ ਪੈਣ ਦੀ ਹੀ ਦੇਰ ਸੀ ਕਿ ਦੁਰ-ਪ੍ਰਬੰਧਕੀ ਦੀ ਕੁੱਖ ਵਿਚ ਅਯੋਜਨਾਬੰਦੀ ਨੇਂ ਮਹੀਨੇ ਵੀ

ਨਾ ਟਿਕੀ ...ਨਤੀਜੇ ਵਜੋਂ ਵਿਤ੍ਰਾਸ ਹੋਇਆ ਪਰ ਕੇਵਲ ਕਾਗਜ਼ਾਂ ਵਿਚ !! ਅਜ ਵੀ ਅਗਰ, ਪੂਰਣ ਈਮਾਨਦਾਰੀ ਸਹਿਤ ਥੀਨਡੈਮ ਨਾਲ ਸਬੰਧਤ ਤਮਾਮ ਕਾਗਜ਼ੀ-ਕਾਰਵਾਈ, ਫਾਈਲ਼ਾਂ, ਅਖਬਾਰੀ, ਤਿਆਨਾਂ ਆਦਿ ਤੇ ਪਿਛਲੇ 200 ਮਹੀ-ਨਿਆਂ ਦੁਰਾਨ ਲਗੇ ਕਾਗਜ਼ਾਂ ਨੂੰ ਇਕ ਦੂਜੇ ਉਪਰ ਟਿਕਾ ਕੇ ਰਖ ਦਈਏ ਤਾਂ ਲੇਖਕ ਦਾਹਵੇ ਨਾਲ ਕਹਿੰਦਾ ਹੈ ਕਿ ਥੀਨਡੈਮ ਤਾਂ ਕੀ, ਫਾਈਲਾਂ ਦੇ ਢੇਰ ਦੀ ਉਚਾਈ ਭਾਖੜਾਡੈਮ ਤੋਂ ਵੀ ਉਪਰ ਟੱਪ ਜਾਵੇਗੀ !! ਉਂਜ ਵੈਸੇ ਥੀਨਡੈਮ ਦੀ ਨੀਂਹ ਪੁਟਣ ਵਾਸਤੇ, ਕਹੀ ਦਾ ਆਡਰ ਕਿਸੇ ਲੁਹਾਰ ਨੂੰ ਹਾਲੇ ਤੀਕ ਨਹੀਂ ਹੈ ਦਿਤਾ ਗਿਆ ।

ਇਕ ਹੱਥ ਵਿਕਾਸ ਮਨਫੀ ਹੋ ਗਿਆ ਦੂਸਰੇ ਪਾਸੇ ਬੀ.ਏ., ਐਮ.ਏ., ਬੀ.ਐਡ., ਐਮ.ਐਡ. ਤੁਰੇ ਹੀ ਆਏ...ਤੁਰੇ ਹੀ ਆਏ, ਜਿਸਦਾ ਨਤੀਜਾ ਇਹ ਨਿਕ-ਲਿਆ ਸੌਲ੍ਹਾਂ-ਸੌਲ੍ਹਾਂ ਪਾਸ ਨੌਜਵਾਨ ਬੱਤੀ-ਬੱਤੀ ਸਾਲ ਦੇ ਹੋ ਜਾਂਦੇ ਹਨ ਪਰ ਨੌਕਰੀ ਨਹੀਂ ਹੈ ਲਭਦੀ । ਉਨ੍ਹਾਂ ਨੂੰ ਵਿਦਿਆ ਵੀ ਅਜਿਹੀ ਦਿਤੀ ਜਾ ਰਹੀ ਹੈ ਕਿ ਉਹ ਨਾ ਘਰਦੇ ਰਹਿਣ ਨਾ ਘਾਟ ਦੇ – ਭਾਵੇਂ ਉਨ੍ਹਾਂ ਨੂੰ ਪੈਰ-ਪੈਰ ਤੇ ਅਜਿਹਾ ਵਿਸ਼ਵਾਸ਼ ਦਵਾਇਆ ਜਾਂਦਾ ਰਿਹਾ ਕਿ ਅਗਰ ਉਹ ਮੁਲਕ ਵਿਚ ਚਲ ਰਹੀ ਚੰਗੀ (ਜਾਂ ਭੈੜੀ) ਪਾਲੇਟਿਕਸ (ਜਾਂ ਪਲੈਨਿੰਗ) ਉਪਰ ਬਿਲਕੁਲ ਕਿੰਤੂ ਪਰੰਤੂ ਨਾ ਕਰਨ...ਸ਼ਾਂਤ ਰਹਿਣ ਤਾਂ ਭਵਿਖ ਉਨ੍ਹਾਂ ਦਾ ਬਹੁਤ ਚੰਗਾ ਹੈ...ਉਹੀ ਕਲ ਦੇ ਨੈਹਰੂ ਅਤੇ ਗਾਂਧੀ ਹੋਣਗੇ... ਅਗਰ ਨੈਹਰੂ ਗਾਂਧੀ ਨਾ ਵੀ ਬਣੇ ਤਾਂ ਟਾਈਟਲਰ, ਗਰਚੇ, ਧਰਿੰਦਰ ਬਰਮਚਾਰੀ ਤਾਂ ਜ਼ਰੂਰ ਬਣ ਜਾਣਗੇ ਮਗਰ ਉਹ ਪੜ੍ਹਾਈ ਵਿਚ ਹੀ ਧਿਆਨ ਰਖਣ... ਕੇਵਲ ਪੜ੍ਹਾਈ ਵਿਚ ! ਇਸਦੇ ਫਲ ਸਰੂਪ ਨਤੀਜਾ ਇਹ ਹੋਇਆ ਕਿ ਅਖੌਤੀ ਗਿਆਨ ਦੀ ਡਿਗਰੀਆਂ ਕੱਛੀਂ ਮਾਰੀ ਅਜ ਦੇ ਘੋਰ ਅੰਧਕਾਰ ਵਿਚੋਂ ਵੀ ਪੜ੍ਹੇ ਲਿਖੇ ਨੌਜਵਾਨ ਆਪਣਾ "ਸੁਨੈਹਰੀ" ਭਵਿਸ਼ ਪ੍ਰਾਪਤ ਕਰ ਲੈਣ ਦੀਆਂ ਆਸਾਂ ਲਾਈ ਬੈਠੇ ਹਨ...।

'ਟੋਟਲ ਰੈਵੂਲੂਸ਼ਨ' ਲਿਆਉਣ ਵਾਲੇ ਕਦੋਂ ਦੇ ਖੁਦ ਟੋਟਲ ਹੋ ਚੁਕੇ ਹਨ...ਮੁਰਾਰਜੀ ਡੀਸਾਈ ਦਸ ਸਾਲਾਂ ਵਿਚ ਸਭ ਲਈ ਨੌਕਰੀਆਂ ਦਾ ਵਿਸ਼ਵਾਸ਼ ਦਵਾਉਂਦੇ-ਦਵਾਉਂਦੇ ਆਪਣੀ ਪਾਰਟੀ ਦਾ ਵਿਸ਼ਵਾਸ਼ ਗਵਾ ਬੈਠੇ ਹਨ...ਵੀਹ ਨੁਕਾਤੀ ਪ੍ਰੋਗਰਮ ਦਾ ਘੋਰੜੂ ਕਦੋਂ ਦਾ ਵਜ ਚੁਕਾ ਹੈ...'ਗਰੀਬੀ...ਹਟਾਓ' ਦਾ ਪ੍ਰਚਾਰ ਕਰਨ ਵਾਲੇ ਖੁਦ ਆਪਣੇ ਪੁਰਾਣੇ ਕਿਤੇ "ਭਾਂਡੇ ਕਲੀ...ਕਰਾਓ" ਦਾ ਹੋਕਾ ਦੇਣ ਲਗ ਪਏ ਹਨ, ਪੰਜ ਨੁਕਾਤੀ ਵਾਲਾ ਕਬੂਤਰ ਕਦੋਂ ਦਾ ਫੁਰਰ ਹੋ ਚੁਕਾ ਹੈ, ਪੰਜ ਲੱਖ ਨੌਕਰੀਆਂ ਵਾਲੀ ਸਕੀਮ ਕਦੋਂ ਦੀ ਠੁੱਸ ਹੋ ਚੁਕੀ ਹੈ (ਇਹ ਸਕੀਮ ਸੰਨ 1972 ਦੀਆਂ ਚੋਣਾਂ ਮਗਰੋਂ ਚਲਾਈ ਗਈ ਸੀ 5 ਲੱਖ ਨੌਕਰੀਆਂ ਹਰ ਸਾਲ, ਇਹ ਇੰਦਰਾ ਗਾਂਧੀ ਦਾ ਨਾਅਰਾ ਸੀ।)

* ਭਾਰਤਵਰਸ਼ ਜਾਂ ਬੇਕਾਰਵਰਸ਼...? *

ਭਾਰਤ ਅੰਕੜਾ ਸਾਰ 80 (ਸਫਾ 297 ਅਨੁਸਾਰ ਸੰਨ 1956 ਤੀਕ, ਬੇਰੁਜ਼ਗਾਰਾਂ ਦੀ ਗਿਣਤੀ ਐਵੇਂ ਨਾਂ ਮਾਤਰ ਹੀ ਸੀ। ਇੰਦਰਾ ਗਾਂਧੀ ਜੀ ਤੋਂ ਪਹਿਲਾਂ ਦੇ ਸਮੇਂ ਵਿਚ (1956-66) ਬੇਰੁਜ਼ਗਾਰਾਂ ਦੀ ਗਿਣਤੀ ਵਿਚ ਵਾਧਾ ਪੌਣੇ ਦੋ ਲੱਖ ਪ੍ਰਤੀ ਸਾਲ ਹੁੰਦਾ ਸੀ ਪਰ ਸ੍ਰੀਮਤੀ ਜੀ ਦੀ ਗੱਦੀ ਤੇ ਬੈਠਣ ਦੀ ਹੀ ਦੇਰ ਸੀ ਕਿ ਬੇਰੁਜ਼-ਗਾਰੀ ਨੇ ਵੀ ਭਾਰੀ ਤਰੱਕੀ ਕੀਤੀ ? ਬੇਰੁਜ਼ਗਾਰਾਂ ਦੀ ਗਿਣਤੀ ਵਿਚ 14 ਸਾਲਾਂ ਦੇ ਰਾਜਪਾਟ ਦੁਰਾਨ, ਘਟੋ-ਘਟ ਸਤ ਗੁਣਾ ਵਾਧਾ ਜ਼ਰੂਰ ਹੋਇਆ ਹੈ । ਸੰਨ 1966 ਵਿਚ ਰੁਜ਼ਗਾਰ ਦਫਤਰਾਂ ਦੇ ਰਜਿਸਟਰਾਂ ਮੁਤਾਬਕ 25 ਲੱਖ ਦੇ ਕਰੀਬ ਬੇਰੁਜ਼ਗਾਰ ਸਨ ਪਰ 1981 ਤੀਕ ਬੇਰੁਜ਼ਗਾਰਾਂ ਦੀ ਗਿਣਤੀ ਵਧ-ਵਧ ਕੇ 175 ਲੱਖਾਂ ਤੋਂ ਵੀ ਟੱਪ ਚੁਕੀ ਹੈ ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਔਸਤਨ 10,00000 ਸਾਲਾਨਾ ਵਾਧਾ ਹੋਇਆ ਹੈ । ਕਈ ਦੇਸ਼ਾਂ ਦੀ ਐਨੀ ਅਬਾਦੀ ਹੀ ਨਹੀਂ ਹੈ – ਜਿੰਨਾਂ ਵਾਧਾ ਸਾਡੀ ਬੇਕਾਰ-ਸੈਨਾ ਵਿਚ ਪ੍ਰਤੀ ਸਾਲਾ ਹੁੰਦਾ ਹੈ । ਦਸ ਲੱਖ ਪ੍ਰਤੀ ਸਾਲ ਤਾਂਔਸਤਨ ਵਾਧਾ ਹੈ, ਅਗਰ ਪਿਛਲੇ ਚਹੁੰ ਸਾਲਾਂ ਦੇ ਅੰਕੜਿਆਂ ਤੇ ਝਾਤੀ ਮਾਰੀਏ ਤਾਂ ਇਹ ਵਾਧਾ 17 ਲੱਖ ਪ੍ਰਤੀ ਸਾਲ ਦਾ ਬਣਦਾ ਹੈ !! ਇਹ ਗਿਣਤੀ-ਮਿਣਤੀ ਤਾਂ ਉਨ੍ਹਾਂ ਬੇਰੁਜ਼ਗਾਰਾਂ ਦੀ ਹੈ ਜਿਨ੍ਹਾਂ ਨੇ ਆਪਣੇ ਨਾਉਂ 'ਬੇਕਾਰ-ਦਫਤਰਾਂ' ਵਿਚ ਦਰਜ ਕਰਵਾਏ ਹੋਏ ਹਨ । ਜਿਨ੍ਹਾਂ ਨੇ ਆਪਣੇ ਨਾਉਂ ਹੀ ਕਿਤੇ ਦਰਜ ਨਹੀਂ ਹਨ ਕਰਵਾਏ (ਜਾਂ ਕਰਵਾਕੇ ਕਈ-ਕਈ ਵੇਰ੍ਹਾਂ ਕਟਵਾਈ ਬੈਠੇ ਹਨ) ਉਨ੍ਹਾਂ ਦੀ ਤਾਂ ਗਿਣਤੀ ਲਈ ਸਰਵੇ ਕਰਨ ਖਾਤਰ ਹੀ ਕਈ ਹਜ਼ਾਰ ਲੋਕਾਂ ਨੂੰ ਨੌਕਰੀਆਂ ਮਿਲਣ ਦੀਆਂ ਸੰਭਾਵਨਾਵਾਂ ਰੱਦ ਨਹੀਂ ਹਨ ਕੀਤੀਆਂ ਜਾ ਸਕਦੀਆਂ । ਹਾਲੇ ਤਾਂ ਰੱਬ ਦਾ ਸ਼ੁਕਰ ਹੈ ਕਿ 'ਅਜ਼ਾਦ' ਹਿੰਦੋਸਤਾਨ ਵਿਚ 25 ਨੌਜਵਾਨਾਂ ਵਿਚੋਂ 24 ਨੌਜਵਾਨਾਂ ਨੂੰ (17-23 ਸਾਲ ਦੀ ਉਮਰ ਦਿਆਂ ਨੂੰ) ਕਦੇ ਕਾਲਜ ਪੜ੍ਹਨ ਦਾ ਹੀ ਮੌਕਾ ਨਸੀਬ ਨਹੀਂ ਹੁੰਦਾ ਵਰਨਾ ਹੁਣ ਤੀਕ ਸਾਡੇ ਦੇਸ਼ ਦਾ ਨਾਉਂ ਭਾਰਤਵਰਸ਼ ਦੀ ਜਗ੍ਹਾ ਸ਼ਾਇਦ ਬੇਕਾਰ-ਵਰਸ਼ ਹੀ ਪੈ ਗਿਆ ਹੁੰਦਾ ।

* ਬੇਰੁਜ਼ਗਾਰੀ ਕਿਉਂ...? *

* ਗੈਰ ਉਪਯੋਗੀ ਵਿਦਿਆ *

ਸਾਡੇ ਅੰਨ੍ਹੇ ਵਾਹ ਆਰਟਸ ਹੀ ਆਰਟਸ, ਬੀ.ਏ., ਐਮ.ਏ., ਬੀ.ਐਡ., ਐਮ.ਐਡ., ਜੇ. ਬੀ. ਟੀ., ਪੜ੍ਹਾਈ [illegible] ਹੇਠ ਅਕੜ ਵੇਖ :

ਹਿੰਦੁਸਤਾਨ ਪਧਰ ਤੇ

ਕੁਲ ਕਾਲਜ ਜਾ ਰਹੇ ਵਿਦਿਆਰਥੀ = 30 ਲੱਖ

ਸ਼ੁਧ ਆਰਟਸ ਪੜ੍ਹ ਰਹੇ = 22 ਲੱਖ.

ਇੰਨਜੀਨੀਰਿੰਗ, ਮੈਡੀਕਲ, ਐਗਰੀਕਲਚਰ ਅਦਿ ਤਕਨੀਕੀ ਗਿਆਨ ਪ੍ਰਾਪਤ ਕਰ ਰਹੇ ਵਿਦਿਆਰਥੀ (ਪ੍ਰੋਫੈਸ਼ਨਲ ਐਜੂਕੇਸ਼ਨ) = 1½ ਲੱਖ (4ਫੀਸਦੀ)

.....................

ਹਾਈ/ਹਾਇਰ ਸਕੈਂਡਰੀ ਵਿਚ ਪੜ੍ਹ ਰਹੇ ਵਿਦਿਆਰਥੀ = ਖ

ਆਈ. ਟੀ. ਆਈ. ਵਰਗੀਆਂ ਸੰਸਥਾਵਾਂ ਵਿਚ ਗਿਆਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ = 2 ਲੱਖ (ਢਾਈ ਫੀ ਸਦੀ) ।

ਸਾਡੇ ਦੇਸ਼ ਵਿਚ ਹਾਈ/ਹਾਇਰ ਸਕੈਂਡਰੀ ਸਕੂਲ ਤਾਂ ਕੇਵਲ 50 ਹਜ਼ਾਰ ਹਨ ਮਗਰ ਸਹੀ ਟੈਕਨੀਕਲ ਵਿਦਿਆ ਦੇਣ ਵਾਲੇ 1 ਹਜ਼ਾਰ ਸਕੂਲ ਵੀ ਨਹੀਂ ।

.....................

ਪੰਜਾਬ ਪਧਰ ਤੇ :

ਹਾਈ/ਹਾਇਰ ਸਕੈਂਡਰੀ ਸਕੂਲਾਂ ਵਿਚ ਪੜ੍ਹ ਰਹੇ

ਵਿਦਿਆਰਥੀ = 3 ਲੱਖ

ਆਈ. ਟੀ. ਆਈ. ਵਰਗੀਆਂ ਸੰਸਥਾਵਾਂ ਵਿਚ ਪੜ੍ਹ ਰਹੇ ਵਿਦਿਆਰਥੀ = 25 ਹਜ਼ਾਰ (4 ਫੀ ਸਦੀ)।

........................

ਪੰਜਾਬ ਵਿਚ ਹਾਈ/ਹਾਇਰ ਸਕੈਂਡਰੀ ਸਕੂਲ ਤਾਂ 2000 ਤੋਂ ਵਧ ਹਨ ਮਗਰ ਸਹੀ ਟੈਕਨੀਕਲ ਵਿਦਿਆ ਦੇਣ ਵਾਲੀਆਂ 100 ਸੰਸਥਾਵਾਂ ਵੀ ਨਹੀਂ।

ਉਪਰਲੇ ਅੰਕੜਿਆਂ ਨੂੰ ਗ਼ੌਰ ਨਾਲ ਘੋਖਣ ਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਡੇ ਦੇਸ਼ ਵਿਚ 10 ਫੀਸਦੀ ਨੌਜਵਾਨਾਂ ਨੂੰ ਵੀ ਸਹੀ ਉਪਯੋਗੀ ਟੈਕਨੀਕਲ ਵਿਦਿਆ ਨਹੀਂ ਹੈ ਦਿਤੀ ਜਾ ਰਹੀ।

ਸਾਡੇ ਵਰਗੇ ਘਟ ਵਿਕਸਤ ਹੋਏ ਦੇਸ਼ ਵਾਸਤੇ 100 ਪੜ੍ਹਿਆਂ ਲਿਖਿਆਂ ਪਿਛੇ 9 ਟੈਕਨੀਕਲ ਵਿਦਿਆ ਪ੍ਰਾਪਤੀ ਵਾਲੇ ਹੋਣੇ ਚਾਹੀਦੇ ਹਨ ਮਗਰ ਇਥੇ ਹੈ ਬਿਲਕੁਲ ਉਲਟ ਰਿਹਾ ਹੈ। ਸਾਡੇ 100 ਵਿਚੋਂ 90 ਗ਼ੈਰ ਟੈਕਨੀਕਲ ਵਿਦਿਆ ਪ੍ਰਾਪਤੀ ਵਾਲੇ ਹੁੰਦੇ ਹਨ।

* ਚੁਰਾਸੀ ਦੇ ਚੱਕਰ ਵਿਚ...? *

ਸੋ ਜਿਥੇ 100 ਪੜ੍ਹਿਆਂ ਮਗਰ ਕੇਵਲ 10 ਆਰਟਸ ਪੜ੍ਹੇ ਹੀ ਕਾਫੀ ਹੋਣੇ ਸਨ, ਸਾਡੇ 91 ਜਣੇ ਆਰਟਸ ਪੜ੍ਹੀ ਗਏ। ਇਸ ਤਰ੍ਹਾਂ ਅਸੀਂ ਇਕ ਅਧਾ ਗੇੜ ਹੀ ਗਲਤ ਨਹੀਂ ਹਾਂ ਗਏ ਸਗੋਂ ਅਸੀਂ ਤਾਂ ਗੇੜੇ ਤੇ ਜੋੜਾ.....ਗੇੜੇ ਤੇ ਗੇੜਾ ਉਲਟਾ ਹੀ ਦਈ ਗਏ ਅਤੇ ਅੰਤ 84 ਦੇ ਚੱਕਰ ਵਿਚ ਫਸ ਗਏ। ਹੁਣ ਚੁਰਾਸੀ ਦੇ ਚੱਕਰਾਂ ਵਿਚ ਫਸਿਆਂ ਰੂਹਾਂ ਦੀ ਮੁਕਤੀ ਕਿਵੇਂ ਹੋਵੇਗੀ ? ਜਿਥੇ ਪਹਿਲਾਂ ਹੀ 1.68,00000 ਨੌਜਵਾਨ ਬੇਕਾਰੀ ਤੋਂ ਮੁਕਤੀ ਪ੍ਰਾਪਤ ਕਰਨ ਵਾਸਤੇ ਰੁਜਗਾਰ ਦਫਤਰਾਂ ਦੇ ਮੂਹਰੇ ਖੜੇ ਹੋਏ ਹੋਣ ਬੀ. ਏ. ਐਮ. ਏ. ਪਾਸ ਨੌਜਵਾਨਾਂ ਦੀ ਪਲਾਟੋ, ਅਰਿਸਟੋਟਲ, ਵਾਸਕੋਡੀਗਾਮਾ......ਕੋਈ ਵੀ ਤਾਂ ਆ ਕੇ ਬਾਂਹ ਨਹੀਂ ਹੈ ਫੜਦਾ।

* ਸਹੀ ਉਪਯੋਗੀ ਵਿਦਿਆ ਕਿਹੜੀ ਹੁੰਦੀ ਹੈ...? *

ਅਸੀਂ ਰੂਸ, ਚੀਨ ਵੀਤਨਾਮ, ਕਿਊਬਾ ਆਦਿ ਦੀਆਂ ਸਰਕਾਰੀ ਪੌਲਸੀਆਂ ਨਾਲ ਪੂਰਣ ਤੌਰ ਤੇ ਸਹਿਮਤ ਹੋਈਏ ਜਾਂ ਨਾ ਹੋਈਏ ਮਗਰ ਇਨ੍ਹਾਂ ਸਮਾਜਵਾਦੀ ਦੇਸ਼ਾਂ ਵਲੋਂ ਉਠਾਏ ਗਏ ਚਾਰ-ਪੰਜ ਲੋਕ ਹਿਤੈਸ਼ੀ ਕਦਮਾਂ ਦੀ ਤਰੀਫ ਕੀਤਿਆਂ ਬਿਨਾ ਕਿਵੇਂ ਵੀ ਨਹੀਂ ਹੈ ਰਿਹਾ ਜਾ ਸਕਦਾ। ਜਨ ਸਧਾਰਨ ਲਈ ਬਣਾਏ ਗਏ ਸੰਗਮਰਮਰੀ ਸੈਨੇਟੋਰੀਅਮ (ਹਸਪਤਾਲ), ਅਕਾਸ਼-ਛੂਹਦੇ ਪਣ-ਬਿਜਲੀ ਡੈਮ, ਤੇਜ਼ ਰਫਤਾਰ ਚਲਣ ਵਾਲੀਆਂ ਅੰਡਰਗਰਾਊਂਡ ਰੇਲਾਂ ਅਤੇ ਸਾਫ ਸੁਥਰੇ ਰੇਲਵੇ ਸ਼ਟੇਸ਼ਨ (ਟਿਊਬ ਸ਼ਟੇਸ਼ਨ) ਸਾਰੇ ਅਵਾਮ ਲਈ ਬੁਢਾਪਾ-ਪੈਨਸ਼ਨ ਵਰਗੀਆਂ ਸਹੂਲਤਾਂ ਹਰ ਇਕ ਦੇ ਮਨ ਨੂੰ ਭਾਉਂਦੀਆਂ ਹਨ। ਅਤੇ ਜਿਸ ਚੀਜ਼ ਦੀ ਜਿਨੀ ਵੀ ਤਾਰੀਫ ਕੀਤੀ ਜਾ ਸਕੇ ਘਟ ਹੀ ਹੋਵੇਗੀ – ਉਹ ਹੈ ਸਮਾਜਵਾਦੀ ਦੇਸ਼ਾਂ ਵਿਚਲਾ 'ਵਿਦਿਅਕ-ਸਿਸਟਮ'।

* ਸਮਾਜਵਾਦੀ ਮੁਲਕਾਂ ਵਿਚ ਵਿਦਿਆ-ਪ੍ਰਨਾਲੀ *

ਸੁਰਹਿਦ ਲੇਖਕ, ਉੱਚਕੋਟੀ ਦੇ ਕਲਾਕਾਰ, ਬਲਰਾਜ ਸਾਹਨੀ ਆਪਣੇ ਰੂਸੀ ਸਫਰਨਾਮੇ (1965) ਵਿਚ ਲਿਖਦੇ ਹਨ :

ਅਠਵੀਂ ਪਾਸ ਕਰਨ ਤੀਕ ਬੱਚੇ ਮਾਂ-ਬਾਪ ਪਾਸ ਰਹਿੰਦੇ ਹਨ। ਅਠਵੀਂ ਤੀਕ ਦੇ ਸਲੇਬਸ ਵਿਚ ਕੇਵਲ ਮਾਤ੍ਰਕ ਭਾਸ਼ਾ ਵਿਚ ਹੀ ਸਾਰੇ ਮਜ਼ਮੂਨ ਪੜ੍ਹਾਏ ਜਾਂਦੇ ਹਨ। ਇਤਿਹਾਸਿਕ, ਆਰਥਿਕ ਅਤੇ ਸਮਾਜਿਕ ਪਹਿਲੂ ਵੀ ਮੁੱਖ ਤੌਰ ਤੇ ਬਚੇ ਦੇ ਆਪਣੇ ਪ੍ਰਾਂਤ ਬਾਰਤ ਹੀ ਦਸੇ ਜਾਂਦੇ ਹਨ। ਬੇ-ਮਤਲਬ, ਦੇਸ਼ਾਂ-ਬਦੇਸ਼ਾਂ ਦੇ ਇਤਿਹਾਸ ਪੜਾਉਣ ਦੀ ਕੋਸ਼ਿਸ਼, ਪ੍ਰਾਇਮਰੀ ਅਤੇ ਮਿਡਲ ਲੈਵਿਲ ਵਿਚ, ਨਹੀਂ ਕੀਤੀ ਜਾਂਦੀ। ਨਿਸ਼ਾਨਾ ਇਹ ਹੁੰਦਾ ਹੈ ਕਿ ਬੱਚਾ ਹਿੰਦੋਸਤਾਨ ਦੇ ਮੁਹੰਮਦ ਤੁਗ਼ਲਕ, ਚੀਨ ਦੇ ਹਿਊਗਸਾਂਗ, ਅਮਰੀਕਾ ਦੇ ਪ੍ਰਧਾਨ ਲਿੰਕਨ ਦੀ ਲੜਾਕੂ ਪਤਨੀ ਟੌਡ ਬਾਬਤ ਬੇਸ਼ਕ ਨਾ ਜਾਣ ਸਕੇ ਮਗਰ ਉਸਨੂੰ ਉਸਦੇ ਆਪਣੇ ਸੂਬੇ ਉਜ਼ੇਬਕਸਤਾਨ, ਤਾਜ਼ਿਕਸਤਾਨ ਦੇ ਨਦੀਆਂ-ਨਾਲਿਆਂ ਬਾਬਤ, ਸਮੁੰਦਰਾਂ-ਪਹਾੜਾਂ ਬਾਬਤ, ਖੱਡਾਂ-ਗੁਫਾਵਾਂ ਬਾਬਤ, ਖੇਤੀ ਬਾੜੀ ਅਤੇ ਕਾਰਖਾਨਿਆਂ ਬਾਬਤ, ਕੌਮੀ ਸ਼ਹੀਦਾਂ ਬਾਬਤ ਗੋਰਕੀ-ਲੈਨਿਨ ਬਾਬਤ ਸੂਬੇ ਦੀ ਬੋਲੀ-ਸਭਿਆਚਾਰ ਬਾਰਤ ਵਧ ਤੋਂ ਵਧ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ।

ਅਠਵੀਂ ਪਾਸ ਕਰਨ ਮਗਰੋਂ ਜਦੋਂ ਬੱਚਾ 13-14 ਸਾਲਾਂ ਦਾ ਹੋ ਜਾਂਦਾ ਹੈ...ਆਪਣਾ ਆਪ ਸੰਭਾਲਣ ਯੋਗ ਹੋ ਜਾਂਦਾ ਹੈ ਤਾਂ ਉਸਨੂੰ ਉਸਦੀ ਰੁਚੀ ਮੁਤਾਬਕ ਕਿਸੇ ਇਕ ਕਿਤੇ ਬਾਬਤ ਪੂਰਨ-ਵਿਦਿਆ ਦਿਤੀ ਜਾਂਦੀ ਹੈ। ਹਾਇਰ ਸਕੈਂਡਰੀ ਦੇ ਤਿੰਨ ਸਾਲਾਂ ਕੋਰਸ ਵਿਚ ਕਿਸੇ ਇਕ ਟਰੇਡ ਵਿਚ ਬੱਚੇ ਨੂੰ ਪੂਰੀ ਮਾਸਟਰੀ ਕਰਨ ਦਾ ਮੌਕਾ ਦਿਤਾ ਜਾਂਦਾ ਹੈ [ਇਹ ਕਿਤੇ ਹੁੰਦੇ ਹਨ :- ਟਾਂਕੇ ਲਗਾਉਣਾ, ਵੈਲਡਿੰਗ, ਗੈਸ ਵੈਲਡਿੰਗ, ਅਲੈਕਟ੍ਰਿਕ ਵੈਲਡਿੰਗ, ਬਰਾਸ ਸੋਲਡਰਿੰਗ, ਮੋਟਰ ਮਕੈਨਕੀ, ਟਰੈਕ-ਟਰ ਡਰਾਇਵਰੀ, ਟਰੱਕ ਕਲੀਨਰੀ' ਨਕਸ਼ਾ ਨਵੀਸੀ, ਟਰੇਸਿੰਗ, ਪਟਵਾਰ, ਸਰਵੇਂਗ, ਆਰਕੀਟੈਕਟ, ਇਮਾਰਤ ਸਾਜ਼ੀ, ਪਲੰਬਿੰਗ, ਲੁਹਾਰਾ-ਤਰਖਾਣਾ, ਫਊਂਡਰੀ, ਸਮਿੱਥੀ, ਫਿਟਿੰਗ, ਖੇਤੀਬਾੜੀ ਸੰਦ, ਖੇਤੀਬਾੜੀ ਜ਼ਮੀਨੀ ਪਰਖ, ਟੈਲੀਪ੍ਰਿੰਟਰ, ਵਾਇਰਲੈਸ, ਅਲੈਕਟਰੋਨਿਕਸ, ਸੈਲ ਬਨਾਉਣੇ, ਬੈਟਰੀਆਂ ਚਾਰਜ ਕਰਨੀਆਂ, ਟਾਇਰ ਟਰੇਡਿੰਗ, ਖਰਾਦ, ਬਾਰ ਬਾਈਡਿੰਗ, ਨਰਸਿੰਗ, ਕੰਮਪਾਊਂਡਰੀ, ਵੈਦਗੀਰੀ, ਕੈਮਿਸਟ, ਕਾਗਜ਼ ਗੱਤਾ, ਪਲਾਈਵੁਡ, ਮੋਮ-ਬੱਤੀਆਂ, ਫਰਨੀਚਰ ਬਨਾਉਣਾ, ਕਮਰੇ-ਸਜਾਵਟੀ, ਸਾਬਣ, ਖੁਸ਼ਬੂਦਾਰ ਤੇਲ, ਰੰਗ-ਰੋਗਨ, ਮਿੱਠਾ-ਸੋਡਾ ਨੀਲਾ,-ਥੇਥਾ, ਟੂੱਥ ਪੇਸਟ, ਫਲ-ਫਰੂਟ ਸੰਭਾਲਣਾ, ਸਬਜ਼ੀਆਂ ਡੱਬਾ-ਬੰਦ ਕਰਨ, ਸਬਜ਼ੀਆਂ ਬੀਜਨ, ਬਾਗਬਾਨੀ, ਫੁੱਲ-ਬੀਜਣ, ਲਿਫਾਫੇ ਬਨਾਉਣਾ, ਗੱਤੇ ਦੇ ਡੱਬੇ ਬਨਾਉਣਾ, ਕੁਰਸੀਆਂ ਬੁਨਣਾਂ, ਦਰੀਆਂ ਉਨਣਾ, ਕਸ਼ੀਦਾਕਾਰੀ, ਰਫੂਗਿਰੀ, ਫੋਟੋਗਰਾਫੀ, ਬਲੂਜਪ੍ਰਿੰਟਿੰਗ ਸਿਨਮੇਟੋਗਰਾਫੀ, ਡਰਾਮਾਕਲਾ, ਪਤਰ-ਕਾਰੀ, ਸੰਗੀਤ ਵਿਦਿਆ, ਇਨਸਟਰੂਮੇਨਟੇਸ਼ਨ, ਭੇਡਾਂ, ਬੱਕਰੀਆਂ, ਮਹੀਆਂ ਪਾਲਣਾ, ਡੇਰੀ ਇੰਨਜੀਨਰਿੰਗ, ਮੱਛੀ ਪਾਲਨਾ, ਪੋਲਟਰੀ, ਸੂਰ ਪਾਲਣਾ, ਕਰੋਸਬਰੀਡਿੰਗ ਆਫ ਕਊਜ਼, ਰਬੜ ਦੇ ਖਿਲੌਣੇ ਬਨਾਉਣਾ, ਰੁਮਾਲ, ਫਰਾਕਾਂ, ਬੂਟ-ਜੁਰਾਬਾਂ ਦਸਤਾਨੇ, ਸਵੈਟਰ ਬਨਾਉਣਾ, ਮੋਟਰ-ਵਾਈਡਿੰਗ, ਟਿਊਬਵੈਲ ਬੋਰਿੰਗ, ਕੋਨਸਟਰਕਸ ਮਸ਼ੀਨਰੀ ਬਾਬਤ, ਕਤਣਾ, ਬੁਨਣਾ, ਸਿਲਾਈ-ਕਢਾਈ, ਸਟੈਨੋਗਰਾਫੀ, ਟਾਈਪਿੰਗ, ਪੇਂਟਿੰਗ, ਸਕਲਪਚਰ (ਬੁੱਤ-ਤਰਾਸ਼ੀ) ਹੋਟਲੀਅਰ ਸਰਵਿਸ, ਘੜੀਆਂ ਮੁਰੰਮਤ,

ਸਾਈਕਲ, ਪੱਖੇ, ਮਸ਼ੀਨਾ ਮੁਰੰਮਤ ਕਰਨੀਆ ਆਦਿ 2]

* ਪੜ੍ਹਾਈ ਦਾ ਖਰਚਾ *

ਇਸ ਤਿੰਨ ਸਾਲੇ ਕਿਤਾ – ਕੋਰਸ ਦਾ ਤਮਾਮ ਖਰਚਾ ਸਰਕਾਰ ਆਪਣੇ ਪਲਿਓਂ ਕਰਦੀ ਹੈ। ਵਿਦਿ-ਆਰਥੀਆਂ ਨੂੰ ਹੋਸਟਲਾਂ ਵਿਚ ਰਹਾਇਸ਼ ਹੀ ਮੁਫਤ ਨਹੀਂ ਹੁੰਦੀ ਸਗੋਂ ਰੋਟੀ ਦਾ ਸਾਰਾ ਖਰਚਾ ਵੀ ਸਰਕਾਰ ਵਲੋਂ ਦਿਤਾ ਜਾਂਦਾ ਹੈ। ਫੀਸਾਂ ਆਦਿ ਤਾਂ ਕੋਈ ਹੁੰਦੀਆਂ ਹੀ ਨਹੀਂ। ਕਾਪੀਆਂ-ਕਿਤਾਬਾਂ-ਪੈਨਸਲਾਂ-ਰੰਗ ਸਭ ਕਾਲਜੋਂ ਮੁਫਤ ਮਿਲਦੇ ਹਨ। ਬੱਚਿਆਂ ਦੇ ਘੁਮਣ-ਫਿਰਨ ਲਈ ਸਕੂਲਾਂ ਦੀਆਂ ਆਪਣੀਆਂ ਹੀ ਬੱਸਾਂ ਹੁੰਦੀਆਂ ਹਨ। ਜੇਬ੍ਹ-ਖਰਚੇ ਲਈ ਵੀ ਸਰਕਾਰ ਵਲੋਂ 30 ਰੁਪਏ ਦੇ ਕਰੀਬ ਮਹਾਵਾਰ (1965) ਦਿਤੇ ਜਾਂਦੇ ਹਨ!

ਇਹ ਕੋਰਸ ਪੂਰਾ ਕਰਨ ਤੇ ਲੜਕਾ 16–18 ਸਾਲ ਦਾ ਹੋ ਜਾਂਦਾ ਹੈ। ਅਗਰ ਉਹ ਹੋਰ ਅਗੇ ਪੜ੍ਹਨਾ ਚਾਹੇ ਤਾਂ ਹਾਇਰ ਸਟੱਡੀ ਵਾਸਤੇ ਕਿਸੇ ਯੂਨੀਵਰਸਿਟੀ ਦਾਖਲ ਹੋ ਸਕਦਾ ਹੈ। ਅਗਰ ਅਗੇ ਨਾ ਪੜ੍ਹਨਾ ਚਾਹੇ ਤਾਂ ਸਰਕਾਰ ਵਲੋਂ ਉਨ੍ਹਾਂ ਲਈ ਨੌਕਰੀਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਦੋਂ ਉਹ ਨੌਕਰੀ ਤੇ ਲਗ ਜਾਂਦੇ ਹਨ ਤਾਂ ਸਰਕਾਰ ਉਨ੍ਹਾਂ ਦੀਆਂ ਤਨਖਾਹਾਂ ਵਿਚ 5 ਫੀ ਸਦੀ ਹਮੇਸ਼ਾਂ ਲਈ ਕਟਦੀ ਰਹਿੰਦੀ ਹੈ ਤਾਂ ਜੁ ਉਨ੍ਹਾਂ ਉਪਰ ਕੀਤਾ ਗਿਆ ਖਰਚਾ ਵਾਪਸ ਲੈ ਕੇ ਭਵਿਖ ਵਿਚ ਉਨ੍ਹਾਂ ਦੇ ਛੋਟੇ-ਭੈਣ ਭਰਾਵਾਂ ਉਪਰ ਵੀ ਖਰਚਿਆਂ ਜਾ ਸਕੇ......!! ਹਾਇਰ ਸਕੈਂਡਰੀ ਵਿਦਿਆ ਦੁਰਾਨ ਹੀ ਵਿਦਿਆਰਥੀਆਂ ਨੂੰ ਦੁਨੀਆਂ ਦੇ ਇਤਿਹਾਸ ਬਾਰੇ ਆਮ ਤੌਰ ਤੇ (ਸੰਖੇਪ ਵਿਚ) ਅਤੇ ਰੂਸ ਦੇ ਇਤਿਹਾਸਕ ਆਰਥਕ, ਸਮਾਜਕ, ਸਿਆਸੀ ਹਾਲਤਾਂ ਬਾਬਤ ਖਾਸ ਤੌਰ ਤੇ, ਕਿੱਤਾ-ਵਿਦਿਆ ਦੇ ਨਾਲ-ਨਾਲ ਹੀ ਦਸਿਆ ਜਾਂਦਾ ਹੈ। ਇਸੇ ਸਟੇਜ ਤੇ ਉਨ੍ਹਾਂ ਨੂੰ ਪ੍ਰਾਂਤਕ ਭਾਸ਼ਾ ਦੇ ਨਾਲ ਕੌਮੀ ਭਾਸ਼ਾ ਵੀ ਸਿਖਾਈ ਜਾਂਦੀ ਹੈ। ਬਦੇਸ਼ੀ ਭਾਸ਼ਾਵਾਂ ਅਤੇ ਬਦੇਸ਼ੀ ਇਤਿਹਾਸਕ, ਆਰਥਕ, ਭੂਗੋਲਕ, ਸਾਇੰਸੀ ਸੰਸਕ੍ਰਿਤਕ, ਕਲਚਰਲ ਵਿਸ਼ਿਆਂ ਬਾਬਤ, ਵਿਸਤਾਰ ਪੂਰਵਕ, ਕੇਵਲ ਯੂਨੀਵਰਸਿਟੀ ਪਧਰ ਤੇ ਹੀ ਪੜ੍ਹਾਇਆ ਜਾਂਦਾ ਹੈ!

* ਨਤੀਜੇ *

ਪਰੋਡਕਸ਼ਨ-ਓਰੀਐਂਨਟਿਡ (ਪੈਦਾਵਾਰ-ਕੇਂਦ੍ਰਤ ਵਿਦਿਆ ਸਦਕਾ ਬੇਰੁਜਗਾਰੀ ਹੀ ਅਲੋਪ ਨਹੀਂ ਹੋ ਜਾਂਦੀ ਸਗੋਂ ਪੈਦਾਵਾਰ ਵਿਚ ਦਿਨੇ ਦੁਗਣੀ-ਰਾਤ ਚੌਗਣੀ ਵਾਧਾ ਹੁੰਦਾ ਹੈ...? ਕੌਮ ਖੁਸ਼ਹਾਲ ਹੁੰਦੀ ਹੈ, ਮੁਲਕ ਤਰੱਕੀ ਕਰਦਾ ਹੈ। ਵਿਦਿਆਰਥੀ ਮਾਂ ਬਾਪ ਤੇ ਬੋਝ ਵੀ ਨਹੀਂ ਬਣਦੇ। ਰੁਜ਼ਗਾਰ ਦੀ ਤਲਾਸ਼ ਵਿਚ ਉਨ੍ਹਾਂ ਨੂੰ 'ਬੇਕਾਰ-ਦਫਤਰਾਂ' ਦੇ ਚੱਕਰ ਵੀ ਨਹੀਂ ਕਟਣੇ ਪੈਂਦੇ। ਸ਼ਿਫਾਰਸ਼ਾਂ-ਵੱਢੀਆਂ ਦੀ ਨੌਬਤ ਹੀ ਨਹੀਂ ਆਉਂਦੀ। ਕਿਸੇ ਇਕ ਹੁਨਰ ਵਿਚ ਮਹਾਰਤ (ਮਾਸਟਰੀ)ਹੋਣ ਕਾਰਣ, ਨੌਜਵਾਨਾਂ ਵਿਚ ਕੁਝ ਕਰਨ ਦੀ ਤਾਂਘ ਹੁੰਦੀ ਹੈ...ਕੁਝ ਪੁਰਾਣਾ ਮੁਰੰਮਤ ਕਰਨ ਦੀ ਤਾਂਘ ਕੁਝ ਨਵਾਂ ਉਸਾਰਨ ਦੀ ਤਾਂਘ...ਇਸ ਤਰ੍ਹਾਂ ਉਥੋਂ ਦੇ ਨੌਜਵਾਨਾਂ ਵਿਚ ਫਰੱਸਟਰੇਸ਼ਨ (ਮਾਯੂਸੀ) ਨਹੀਂ ਪੈਂਦਾ ਹੁੰਦੀ।

ਅਜ ਹਰ ਹਿੰਦੋਸਤਾਨੀ ਪਰੀਵਾਰ ਵਿਚ ਧੀ-ਭੈਣ ਦੀ ਸ਼ਾਦੀ ਕਰਨਾ ਇਕ ਸਮੱਸਿਆ ਬਣੀ ਹੋਈ ਹੈ। ਕਿਉਂਕਿ ਲੜਕੀਆਂ ਵਾਸਤੇ ਯੋਗ ਬਰਸਰੇ-ਰੁਜ਼ਗਾਰ ਲੜਕੇ ਨਹੀਂ ਹਨ ਮਿਲਦੇ! ਘਟ ਨੌਕਰੀ ਸ਼ੁਦਾ ਲੜਕੇ ਹੋਣ ਕਾਰਨ, ਜੋ ਨੌਕਰੀਆਂ ਤੇ ਲਗੇ ਹੁੰਦੇ ਹਨ – ਉਨ੍ਹਾਂ ਦੀ ਡਿਮਾਂਡ ਵਧ ਜਾਂਦੀ ਹੈ......ਲੜਕੇ ਵਾਲੇ ਲਾਲਚੀ ਪਰਵਾਰ ਹੁੱਜਤਾਂ ਕਰਨ ਲਗ ਪੈਂਦੇ ਹਨ.,.....ਮਾਂਬਾਪ, ਭੈਣ-ਭਰਾ, ਧੀ-ਭੈਣ ਲਈ ਯੋਗ ਅਤੇ ਸਾਊ ਲੜਕਾ ਲਭਣ ਲਈ ਮਾਰੇ-ਮਾਰੇ ਫਿਰਦੇ ਹਨ......ਧੀਆਂ-ਭੈਣਾਂ ਅੱਖਾਂ ਸਾਹਮਣੇ ਜਵਾਨ ਹੋ ਕੇ, ਮੁਰਝਾਉਣ ਲਗ ਪੈਂਦੀਆਂ ਹਨ। ਕਾਲੇ ਵਾਲਾਂ ਵਿਚ ਧੌਲਿਆਂ ਦੀ ਗਿਣਤੀ ਵਧਣ ਲਗਦੀ ਹੈ ਪਰ ਮਾਯੂਸ ਮਾਂ-ਬਾਪ ਦੀ ਕੋਈ ਪੇਸ਼ ਨਹੀਂ ਜਾਂਦੀ...? ਕਾਰਨ...?

ਕਾਰਨ ਇੱਕੋ ਹੀ ਹੁੰਦਾ ਹੈ – ਬੇਰੁਜ਼ਗਾਰੀ! ਖਾਸ ਤੌਰ ਤੇ ਲੜਕਿਆਂ ਵਿਚ ਫੈਲੀ ਹੋਈ ਭਿਆਨਕ ਬੇਰੁਜ਼ਗਾਰੀ।'

ਪਰ ਸੋਸ਼ਲਿਸਟ ਦੇਸ਼ਾਂ ਵਿਚ ਕਿਸੇ ਬਾਪ ਦੀਆਂ ਨਜ਼ਰਾਂ ਸਾਹਮਣੇ ਉਸ ਦੀ ਧੀ ਦੇ ਵਾਲ ਚਿੱਟੇ ਹੋ ਜਾਣ ਦੀ ਨੌਬਤ ਨਹੀਂ ਆਉਂਦੀ...ਕਿਸੇ ਵੀਰ ਨੂੰ ਭੈਣ ਲਈ ਸੁਹਾਗ ਲਭਣ ਖਾਤਰ ਟੱਕੇ-ਟੱਕੇ ਦੇ ਲੋਕਾਂ ਦੀਆਂ ਹੁੱਜਤਾਂ ਬਰਦਾਸ਼ਤ ਨਹੀਂ ਹਨ ਕਰਨੀਆ ਪੈਂਦੀਆਂ...ਦਾਜ ਦੇ ਲਾਲਚੀਆਂ ਹਥੋਂ ਤੰਗ ਆ ਕੇ ਕਿਸੇ ਧੀ-ਭੈਣ ਨੂੰ ਆਤਮ ਘਾਤ ਨਹੀਂ ਕਰਨਾ ਪੈਂਦਾ...ਉਥੇ ਕਦੇ ਸਟੋਪ ਨਹੀਂ ਫਟਦੇ – ਅਜਿਹੇ ਸਟੋਪ ਜੋ ਫਟਨ ਵਕਤ ਕੇਵਲ ਘਰ ਦੀ ਨੂੰਹ ਨੂੰ ਹੀ ਜਲਾ ਮਾਰਦੇ ਹੋਣ...।

ਸਾਡੀ ਸਰਕਾਰ ਕਿੱਤਾ-ਵਿਦ੍ਹਿਆ ਵਲ ਧਿਆਨ ਕਿਉਂ ਨਹੀਂ ਹੈ ਦਿੰਦੀ?

ਗਰੀਬੀ ਹਟਾਉ ਸਰਕਾਰ, ਹਿੰਦੋਸਤਾਨੀ ਲੋਕਾਂ ਦੀ ਮੁੱਢਲੀ ਜ਼ਰੂਰਤ ਵਿਦਿਆ ਬਾਬਤ ਕਿਨੀ ਕੁ ਗੰਭੀਰ ਹੈ — ਉਹ ਹੇਠਲਿਆਂ ਅੰਕੜਿਆਂ ਤੋਂ ਸਪਸ਼ਟ ਹੋ ਜਾਵੇਗਾ...।

ਅਜ਼ਾਦੀ ਤੋਂ ਮਗਰੋਂ, ਕਿਸ ਕਿਸ ਨੇਤਾ ਨੇ ਕਿਨੀ-ਕਿਨੀ ਵੇਰ੍ਹਾਂ ਵਿਦਿਅਕ ਢਾਂਚੇ ਨੂੰ ਬਦਲਨ ਵਾਸਤੇ ਕਿਹਾ :–

| | |
|---|---|
| ਭਾਰਤ ਦੇ ਤਮਾਮ ਰਾਸ਼ਟਰਪਤੀਆਂ । ਅਤੇ ਉਪ ਰਾਸ਼ਟਰਪਤੀਆਂ | 760 ਵੇਰ੍ਹਾਂ |
| ਦੇਸ਼ ਦੇ ਤਿੰਨਾਂ ਸਾਬਕਾ ਕਾਂਗਰਸੀ ਪਧਾਨ-ਮੰਤਰੀਆਂ | 500 ਵੇਰ੍ਹਾਂ |
| ਕੰਮ ਚਲਾਊ ਕਾਂਗਰਸੀ-ਪ੍ਰਧਾਨ ਮੰਤਰੀ ਨੇ | 3 ਵੇਰ੍ਹਾਂ |
| ਮੁਰਾਰਜੀ ਡੀਸਾਈ | 30 ਵੇਰ੍ਹਾਂ |
| ਚੌਧਰੀ ਚਰਨ ਸਿੰਘ | 7 ਵੇਰ੍ਹਾਂ |
| ਪੰਜਾਂ ਉਪ-ਪ੍ਰਧਾਨ ਮੰਤਰੀਆਂ | 25 ਵੇਰ੍ਹਾਂ |
| ਕੇਂਦਰੀ ਵਿੱਦਿਆ ਮੰਤਰੀਆਂ | 2100 ਵੇਰ੍ਹਾਂ |
| ਹੋਰ ਕੈਬਨਟ ਮੰਤਰੀਆਂ | 7400 ਵੇਰ੍ਹਾਂ |
| ਮੁੱਖ-ਮੰਤਰੀਆਂ, ਗਵਰਨਰਾਂ ਮੁੱਖ-ਸਕੱਤਰਾਂ, ਉਪ ਸਕੱਤਰਾਂ ਆਦਿ 2 (34 ਸਾਲਾਂ ਦੁਰਾਨ) ਕੁੱਲ | 10815 ਵੇਰ੍ਹਾਂ |

ਨੋਟ : ਇਨ੍ਹਾਂ ਵਿਚੋਂ ਬਹੁਤੇ ਅੰਕੜੇ ਸੰਨ 1972 ਤੀਕ ਦੇ ਹੀ ਹਨ। ਇਹ ਅੰਕੜੇ 2–3 ਪੰਜਾਬੀ ਰਸਾਲਿਆਂ ਵਿਚ ਵੀ 73–74 ਦੁਰਾਨ ਛਪੇ ਸਨ। ਵਖ-ਵਖ ਅਖਬਾਰਾਂ ਦੇ ਅਧਾਰ ਤੇ ਬੰਗਾਲ ਦੇ ਇਕ ਰਿਸਰਚ (ਪੀ.ਐਚ.ਡੀ. ਦੇ ਵਿਦਿਆਰਥੀ) ਨੇ ਇਹ ਅੰਕੜੇ ਸਭ ਤੋਂ ਪਹਿਲਾਂ

ਤਿਆਰ ਕੀਤੇ ਸਨ ।

ਉਪਰੋਕਤ ਅੰਕੜਿਆਂ ਮੁਤਾਬਕ ਇਹ ਸ਼ਪਸ਼ਟ ਹੋ ਜਾਂਦਾ ਹੈ ਕਿ ਇਸ ਸਿਸਟਮ ਨੂੰ ਬਦਲਨ ਵਾਸਤੇ ਭਾਵੇਂ ਸਾਡੇ ਮੰਤਰੀਆਂ-ਮੁੱਖ-ਮੰਤਰੀਆਂ-ਪ੍ਰਧਾਨ-ਮੰਤਰੀਆਂ ਆਦਿ ਨੇ ਗਿਆਰਾਂ ਹਜ਼ਾਰ ਤੋਂ ਵੀ ਵਧ ਵੇਰ੍ਹਾਂ ਕਿਹਾ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ ਹੈ ।.

* ਵਿਦਿਆ ਵਿਚਾਰੀ ਪਰ ਬੇਸਹਾਰੀ...? *

ਵਿਦਿਆਂ ਵਰਗੇ ਮਹਿਕਮੇ ਨੂੰ ਸਰਕਾਰ ਵਲੋਂ ਸਭ ਤੋਂ ਵਧ ਪਛਾੜਿਆ ਜਾ ਰਿਹਾ ਹੈ । ਕਿਉਂਕਿ ਮੰਤਰੀਆਂ, ਮੁਖ ਮੰਤਰੀਆਂ (ਸਮੇਤ ਸ਼੍ਰੀਮਤੀ ਗਾਂਧੀ) ਦੇ ਆਪਣੇ ਬੱਚੇ ਤਾਂ ਦੂਨ ਸਕੂਲ (ਡੇਹਰਾਦੂਨ), ਵਿਸ਼ਵਕਾਟੇਜ (ਸ਼ਿਮਲਾ), ਸਨਾਵਰ ਸਕੂਲ (ਕਸੌਲੀ), ਯਾਦਵਿੰਦਰਾ ਪਬਲਿਕ ਸਕੂਲ (ਪਟਿਆਲਾ) ਵਰਗੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ । ਉੱਚ ਅਫ਼ਸਰਸ਼ਾਹੀ ਵੀ ਆਪਣੇ ਬੱਚਿਆਂ ਨੂੰ ਅਜਿਹੀਆਂ ਹੀ ਕਾਨਵੈਂਟਾਂ ਵਿਚ ਭੇਜਦੀ ਹੈ । ਜਿਥੇ ਹਜ਼ਾਰ ਰੁਪਏ ਮਹੀਨਾ ਬੱਚੇ ਦਾ ਖ਼ਰਚ ਆਉਂਦਾ ਹੈ । ਇਥੇ ਇਹ ਵੀ ਯਾਦ ਰਖਿਆ ਜਾਵੇ ਜਨ-ਸਾਧਾਰਣ ਦੇ ਬੱਚਿਆਂ ਉਪਰ ਸਰਕਾਰ ਇਕ ਆਨਾ ਰੋਜ਼ ਦਾ ਖ਼ਰਚਣ ਲਗਿਆਂ ਵੀ ਪਿੱਟਦੀ ਹੈ ਜੋ ਹੇਠ ਲਿਖਿਆਂ ਅੰਕੜਿਆਂ ਤੋਂ ਪ੍ਰਤੱਖ ਹੋ ਜਾਵੇਗਾ —

ਹਿੰਦੁਸਤਾਨ ਭਰ ਦੇ ਸਾਢੇ 6 ਲੱਖ ਸਕੂਲਾਂ, ਸਾਢੇ 4 ਹਜ਼ਾਰ ਕਾਲਜਾਂ, 106 ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਦਸ ਕਰੋੜ ਵਿਦਿਆਰਥੀਆਂ ਦੀ ਖ਼ਾਸ ਬੇਹਤਰੀ ਵਾਸਤੇ 1974-78 ਦੇ ਚਾਰ ਸਾਲਾਂ ਦੁਰਾਨ ਕੀਤਾ ਗਿਆ ਖ਼ਰਚਾ 799 ਕਰੋੜ ਬਣਦਾ ਹੈ ਜਦੋਂ ਚਾਰ-ਹਫ਼ਤਿਆਂ ਦੀਆਂ ਹੋਣ ਵਾਲੀਆਂ ਏਸ਼ੀਆਈ ਖੇਡਾਂ ਉਪਰ ਹੀ 800 ਕਰੋੜ ਤੋਂ ਵਧ ਖ਼ਰਚਾ ਕੀਤਾ ਜਾ ਰਿਹਾ ਹੈ । ਇਹ ਖੇਡਾਂ ਵੇਖਣ ਵਾਲਿਆਂ ਵਿਚ 75 ਫ਼ੀ ਸਦੀ ਹਿੰਦੁਸਤਾਨ ਦੇ ਲੱਖਪਤੀ ਹੀ ਹੋਣਗੇ । ਅਗਰ ਇਹ 800 ਕਰੋੜ ਖਿਡਾਰੀਆਂ ਜਾਂ ਖੇਡਾਂ ਤੇ ਹੀ ਖ਼ਰਚ ਕਰ ਦਿਤਾ ਜਾਂਦਾ ਤਾਂ ਸਾਨੂੰ ਕੋਈ ਦੁਖ ਨਾ ਹੁੰਦਾ, ਇਹਨਾਂ ਖੇਡਾਂ ਦਾ ਬਜਟ ਜਨਤਾ ਪਾਰਟੀ ਦੇ ਰਾਜ ਦੌਰਾਨ ਸਿਰਫ਼ 20 ਕਰੋੜ ਦਾ ਸੀ । ਸੱਚ ਪੁਛੋ ਤਾਂ ਖਿਡਾਰੀਆਂ ਤੇ ਸਹੀ ਮਾਇਨਿਆਂ ਵਿਚ 8 ਕਰੋੜ ਵੀ ਖ਼ਰਚ ਨਹੀਂ ਹੋਣਾ । ਸਾਡੇ ਪ੍ਰਧਾਨ ਮੰਤਰੀ ਜੀ ਦੀ ਹਾਜ਼ਰੀ ਵਿਚ ਹੀ, ਸ਼ੁਕਲਾ ਸਾਹਿਬ ਨੇ ਬਜਟ 20 ਕਰੋੜ ਤੋਂ ਵਧਾ ਕੇ 800 ਕਰੋੜ ਦਾ ਕੀਤਾ ਸੀ । ਹੁਣ ਇਸੇ ਖ਼ਰਚੇ ਵਿਚੋਂ 16 ਵਡੇ ਵਡੇ ਹੋਟਲ ਵੀ ਦਿੱਲੀ ਵਿਚ ਉਸਾਰੇ ਜਾ ਰਹੇ ਹਨ...?

ਜ਼ਰਾ ਬੱਜਟ ਵਿਚ ਦਸ ਕਰੋੜ ਵਿਦਿਆਰਥੀਆਂ ਖ਼ਾਤਰ ਰਖੀ ਗਈ ਵਿਸ਼ੇਸ਼ ਗੁੰਜਾਇਸ਼ ਵਲ ਵੀ ਝਾਤੀ ਮਾਰ ਲਓ ।

| ਸਾਲ 1974-78 | |
|---|---|
| ਗੁੰਜਾਇਸ਼ ਜੋ ਰਖੀ ਗਈ | 257 ਕਰੋੜ ਪ੍ਰਤੀ ਸਾਲ |
| ਅਸਲ ਵਿਚ ਜੋ ਖ਼ਰਚਿਆ ਗਿਆ | 200 ਕਰੋੜ ਪ੍ਰਤੀ ਸਾਲ |

200 ਕਰੋੜ ਪ੍ਰਤੀ ਸਾਲ ਦੇ ਹਿਸਾਬ ਦਸ ਕਰੋੜ ਵਿਦਿਆਰਥੀਆਂ ਦੇ ਹਿੱਸੇ 20 ਰੁਪਏ ਸਾਲਾਨਾ ਪ੍ਰਤੀ ਵਿਦਿਆਰਥੀ ਆਉਂਦਾ ਹੈ, ਜਿਹੜਾ ਪੰਜ ਪੈਸੇ ਪ੍ਰਤੀ ਵਿਦਿਆਰਥੀ ਪ੍ਰਤੀ ਦਿਨ ਬੈਠਦਾ ਹੈ । ਡੀਂਗਾਂ ਭਾਵੇਂ ਆਕਾਸ਼ ਵਿਚ 'ਆਰੀਆਭੱਟ' ਉਪ-ਗ੍ਰਹਿ ਛੱਡਣ ਦੀਆਂ ਮਾਰੀਏ ਪਰ ਆਪਣੇ ਵਿਦਿਆਰਥੀਆਂ ਲਈ ਵਿਦਿਆ ਅਸੀਂ ਇਕ ਧੰਜੀ ਪ੍ਰਤੀ ਵਿਦਿਆਰਥੀ ਹੀ ਖ਼ਰਚ ਸਕਦੇ ਹਾਂ । ਸਾਡੇ ਦੇਸ਼ ਵਿਚ ਸੱਤਾਂ ਹਿੰਦੁਸਤਾਨੀਆਂ ਮਗਰ ਇਕ ਬੱਚਾ ਪੜ੍ਹਦਾ ਹੈ ਅਤੇ ਸੱਤ ਹਿੰਦੁਸਤਾਨੀ ਘਟੋ ਘੱਟ ਇਕ ਹਜ਼ਾਰ ਰੁਪਿਆ ਸਾਲਾਨਾ ਟੈਕਸ ਦਿੰਦੇ ਹਨ, ਪਰ ਉਨ੍ਹਾਂ ਦੇ ਬੱਚਿਆਂ ਦੀ ਬੇਹਤਰੀ ਲਈ ਉਸ ਵਿਚੋਂ ਸਿਰਫ 20 ਰੁਪਏ ਖ਼ਰਚੇ ਜਾਂਦੇ ਹਨ ਭਾਵ ਸਿਰਫ਼ 2 ਫ਼ੀ ਸਦੀ । ਇਹ ਅੰਕੜੇ ਹੀ ਦੱਸਦੇ ਹਨ ਕਿ ਸਾਡੀ ਸਰਕਾਰ ਕਿੰਨੀ ਲੋਕ ਹਿਤੈਸ਼ੀ ਹੈ ।

* ਮਾਸੂਮਾਂ ਨੂੰ ਤਾਂ ਬਖ਼ਸ਼ ਦਿਉ *

ਹੋਰ ਤੇ ਹੋਰ ਸਰਕਾਰ ਨੇ ਅਗਰ ਕਟੌਤੀ ਵੀ ਕਰਨੀ ਹੁੰਦੀ ਹੈ ਤਾਂ ਹਵਾਈ ਜਹਾਜ਼ਾਂ ਵਾਲੇ ਫ਼ੰਡ ਵਿਚੋਂ ਕਰ ਲਿਆ ਕਰੇ — ਪੁਲੀਸ ਲਈ ਖ਼ਰੀਦੀਆਂ ਜਾਣ ਵਾਲੀਆਂ ਸਟੇਨਗਨਾਂ, ਬਰੇਨਗਨਾਂ, ਵਾਇਰਲੈਸਾਂ, ਬਖ਼ਤਰ-ਬੰਦ ਗੱਡੀਆਂ ਵਿਚੋਂ ਕਰ ਲਿਆ ਕਰੇ — ਮਾਸੂਮ ਬੱਚਿਆਂ ਲਈ ਰੱਖੇ ਫ਼ੰਡ ਵਿਚੋਂ ਵੀ ਇਹਨਾਂ ਨੂੰ ਕਟੌਤੀ ਕਰਨ ਲੱਗਿਆਂ ਸ਼ਰਮ ਆਉਣੀ ਚਾਹੀਦੀ ਹੈ ਜਿਵੇਂ ਉਪਰ 257 ਕਰੋੜ ਦੀ ਜਗ੍ਹਾ ਵੀ 200 ਕਰੋੜ ਹੀ ਖ਼ਰਚੇ ਗਏ ਹਨ ! ਮੁਲਕ ਵਿਚ ਅਗੇ ਨਾਲੋਂ ਤਿਗਣਾ ਅਨਾਜ ਹੋ ਰਿਹਾ ਹੈ, ਚੋਗੁਣਾ ਕੋਲਾ, ਪੰਜ ਗੁਣਾ ਘਿਉ, ਛੇ ਗੁਣਾ ਖੰਡ, ਪੰਜ ਸੌ ਗੁਣਾ ਮਸ਼ੀਨੀ ਸੰਦ ਪੈਦਾ ਹੋ ਰਹੇ ਹਨ ਤੇ ਸਾਡੀ (?) ਸਰਕਾਰ ਵਿਦਿਅਕ-ਬੱਜਟ ਨੂੰ ਹਰ ਸਾਲ ਯੋਜਨਾ ਵਿਚ ਹੀ ਰਗੜਾ ਲਾਈ ਜਾ ਰਹੀ ਹੈ ।

ਬੱਜਟ ਹਿੰਦ ਸਰਕਾਰ (ਕਿਤਾਬ ਇੰਡੀਆ — 80 ਸਫ਼ਾ 204)

| ਸਾਲ | ਵਿਦਿਆ ਉਪਰ ਬਜਟ ਦਾ ਪ੍ਰਤੀਸ਼ਤ ਖ਼ਰਚਾ |
|---|---|
| ਤੀਸਰੀ ਯੋਜਨਾ | 6.9 |
| 1966-69 | 4.6 |
| 1969-74 | 5.0 |
| 1974-75 | 2.8 |
| 1975-76 | 2.9 |
| 1976-77 | 4.2 |
| 1977-78 | 4.4 |
| 1978-79 | 3.6 |
| 1979-80 | 2.2 |

ਪੰਡਿਤ ਨਹਿਰੂ ਦੇ ਵੇਲੇ ਵਿਚ ਬਜਟ ਦਾ ਲਗ-ਪਗ 7 ਫ਼ੀ ਸਦੀ ਹਿੱਸਾ ਵਿਦਿਆ ਉਪਰ ਖ਼ਰਚ ਕੀਤਾ ਜਾਂਦਾ ਸੀ । ਪਰੰਤੂ ਗਰੀਬ ਹਿਤੈਸ਼ੀ ਇੰਦਰਾ ਦੇਵੀ ਨੇ ਗੱਦੀ ਤੇ ਬੈਠਦਿਆਂ ਹੀ ਗ਼ਰੀਬਾਂ ਦੀ ਮੁਕਤੀ ਵਾਸਤੇ ਉਹਨਾਂ ਦੇ ਬੱਚਿਆਂ ਦੀਆਂ ਗਰਦਨਾਂ ਨੂੰ ਹੀ ਜਾ ਸਿੱਧਾ ਹੱਥ ਪਾਇਆ । ਬਜਟ 6.9 ਫ਼ੀ ਸਦੀ ਤੋਂ ਕੱਟ ਕੇ ਸਿਧਾ 4.6 ਫ਼ੀ ਸਦੀ ਕਰ ਦਿਤਾ — ਕੇਵਲ 33 ਫ਼ੀ ਸਦੀ ਕਟੌਤੀ !! ਨਾ ਗ਼ਰੀਬਾਂ ਦੇ ਬੱਚੇ ਪੜ੍ਹਨ ਤੇ ਨਾ ਬੇਰੁਜ਼ਗਾਰੀ ਦਾ ਸ਼ਿਕਾਰ ਹੋਣ ।......

ਅਸੀਂ ਵੀ ਸੋਚੀਏ, ਹਰ ਨਵਾਂ ਮੰਤਰੀ ਮੰਡਲ ਬਨਣ ਨਾਲ ਨਵੀਆਂ ਏਅਰ ਕੰਡੀਸ਼ਨਡ ਕਾਰਾਂ, ਹਵਾਈ

ਜਹਾਜ਼, ਫਲੋਟਿੰਗ ਰੈਸਟੂਰੈਂਟਾਂ ਲਈ ਪੈਸਾ ਕਿਥੋਂ ਆ ਜਾਂਦਾ ਹੈ? ਲਗ ਗਿਆ ਜੇ ਨਾ ਪਤਾ ਵਿਦਿਆ ਦੇ ਬੱਜਟ ਤੇ ਕੱਟ ਲੱਗ ਕੇ ਪੈਸਾ ਕਿਧਰ ਨੂੰ ਜਾ ਰਿਹਾ ਹੈ...?

ਉਤਲੀ ਸਾਰੀ ਵਿਚਾਰ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਸਾਡਾ ਵਿਦਿਆ ਬਜਟ ਬਹੁਤ ਹੀ ਨਿਗੁਣਾ ਹੈ। ਸਰਕਾਰ ਬੇਫਾਇਦਾ ਪ੍ਰਜੈਕਟਾਂ ਤੇ ਤਾਂ ਅੰਨ੍ਹੇਵਾਹ ਪੈਸੇ ਖਰਚਦੀ ਹੈ, ਪਰ ਜਦੋਂ ਸਾਧਾਰਨ ਲੋਕਾਂ ਦੇ ਪੁੱਤਰਾਂ ਲਈ ਵਿਦਿਆ ਉਤੇ ਖਰਚਣ ਦੀ ਵਾਰੀ ਆਉਂਦੀ ਹੈ, ਤਾਂ ਉਹ ਹੱਥ ਘੁਟ ਲੈਂਦੀ ਹੈ। ਫੇਰ ਜਿਹੜੀ ਵਿਦਿਆ ਦਿਤੀ ਵੀ ਜਾਂਦੀ ਹੈ, ਉਹ ਵੀ ਬਿਲਕੁਲ ਨਿਕਾਰਾ ਹੈ। ਇਹ ਮੁਖ ਤੌਰ ਤੇ ਬੇਰੁਜ਼ਗਾਰੀ ਵਧਾਉਣ ਤੇ ਨੌਜਵਾਨਾਂ ਵਿਚ ਮਾਯੂਸੀ ਫੈਲਾਉਣ ਦੀ ਜ਼ਿੰਮੇਵਾਰ ਹੈ, ਭਾਵੇਂ ਸਰਕਾਰੀ ਅਦਾਰਿਆਂ ਵਲੋਂ ਦੂਰ-ਪਰਬੰਧ ਵੀ ਇਸ ਵਿਚ ਆਪਣਾ ਹਿੱਸਾ ਪਾਉਂਦਾ ਹੈ। ਸਰਕਾਰ ਦੀਆਂ ਹੋਰ ਨੀਤੀਆਂ ਨੂੰ ਬਦਲਾਣ ਬਾਰੇ ਤਾਂ ਹੋਰ ਲੋਕਾਂ ਦਾ ਵੀ ਸੰਘਰਸ਼ ਕਰਨਾ ਬਣਦਾ ਹੈ, ਪਰ ਵਿਦਿਆ ਸਿਸਟਮ ਵਿਚ ਬਦਲੀ ਵਿਦਿਆਰਥੀ ਸੰਘਰਸ਼ ਜਾਂ ਵਿਦਿਆਰਥੀਆਂ ਲਈ ਸਿਆਸਤ ਦਾ ਧੁਰਾ ਬਣਦਾ ਹੈ। ਇਹ ਸਪਸ਼ਟ ਕਹਿਣਾ ਪਵੇਗਾ ਕਿ 'ਮੌਜੂਦਾ ਵਿਦਿਅਕ ਢਾਂਚਾ – ਨਿਕਾਰੇ ਬਣਾਉਣ ਦਾ ਸਾਂਚਾ' ਹੈ ਅਤੇ ਇਸ ਦੇ ਬਦਲਣ ਵਿਚ ਹੀ ਉਹਨਾਂ ਦੇ ਅਤੇ ਦੇਸ਼ ਦੇ ਚੰਗੇ ਭਵਿਖ ਦੀ ਗਰੰਟੀ ਹੈ। ਇਹੀ ਵਿਦਿਆਰਥੀਆਂ ਦੀ ਅਜ ਦੀ ਸਿਆਸਤ ਹੋਣੀ ਚਾਹੀਦੀ ਹੈ।

•

ਸਮਤਾ ਤੋਂ, ਧੰਨਵਾਦ ਸਹਿਤ

---

# "ਵਿਸ਼ਵ ਪੰਜਾਬੀ ਸੰਮੇਲਨ ਦਾ ਸ਼ੜਯੰਤਰ"

— ਦਰਸ਼ਨ ਗਿੱਲ (ਕੈਨੇਡਾ)

ਕੈਨੇਡਾ ਦੇ ਪੰਜਾਬੀ ਲੇਖਕਾਂ, ਸਾਹਿਤ ਸਭਾਵਾਂ, ਅਖਬਾਰਾਂ, ਰਸਾਲਿਆਂ ਤੇ ਪੰਜਾਬੀ ਨਾਲ ਸਬੰਧਤ ਸੰਸਥਾਵਾਂ ਨੇ ਅਖੌਤੀ ਵਿਸ਼ਵ ਪੰਜਾਬੀ ਸੰਮੇਲਨ ਜੂਨ 1982 ਵਿੱਚ ਕੈਨੇਡਾ ਵਿਚ ਕਰਵਾਏ ਜਾਣ ਦੇ ਐਲਾਨ ਤੇ ਕੋਈ ਖੁਸ਼ੀ ਦਾ ਪ੍ਰਗਟਾਵਾ ਹੀ ਨਹੀਂ ਕੀਤਾ ਸਗੋਂ ਇਸ ਕਦਮ ਦੀ ਕਰੜੀ ਆਲੋਚਨਾ ਤੇ ਸਖਤ ਨਿੰਦਾ ਕੀਤੀ ਹੈ। ਪੰਜਾਬ ਤੇ ਹੋਰ ਦੇਸ਼ਾਂ ਵਿਚ ਵਸਦੇ ਪੰਜਾਬੀ ਲੇਖਕਾਂ ਤੇ ਆਮ ਪੰਜਾਬੀ ਲੋਕਾਂ ਨੂੰ ਗਿਆਤ ਕਰਨਾ ਲਾਜ਼ਮੀ ਹੋ ਗਿਆ ਹੈ ਕਿ ਕੈਨੇਡਾ ਵਿਚ ਇਸ ਅਖੌਤੀ 'ਵਿਸ਼ਵ' ਪੰਜਾਬੀ ਸੰਮੇਲਨ ਦੇ ਐਲਾਨ ਦਾ ਏਨਾ ਤਿੱਖਾ ਤੇ ਭਰਪੂਰ ਪ੍ਰਤੀਕਰਮ ਕਿਉਂ ਹੋਇਆ ਹੈ? ਇਸ ਦੇ ਕਈ ਸਿੱਧੇ ਤੇ ਸਪੱਸ਼ਟ ਕਾਰਨ ਇਹ ਹਨ:

1. ਇਸ ਸੰਮੇਲਨ ਦੇ ਐਲਾਨੇ ਜਾਣ ਤੋਂ ਪਹਿਲਾਂ ਇਸ ਸੰਮੇਲਨ ਦੀ ਤਾਲਮੇਲ ਕਮੇਟੀ ਜਾਂ ਇਸ ਦੇ ਸਕੱਤਰ ਜਨਰਲ ਨੇ ਕੈਨੇਡਾ ਦੀ ਕਿਸੇ ਵੀ ਪੰਜਾਬੀ ਸਾਹਿਤ ਸਭਾ, ਪੰਜਾਬੀ ਸੰਸਥਾ ਜਾਂ ਸਭਿਆਚਾਰਕ ਜਥੇਬੰਦੀ ਨਾਲ ਸੰਪਰਕ ਪੈਦਾ ਕਰਨ ਦੀ ਲੋੜ ਤੱਕ ਮਹਿਸੂਸ ਨਹੀਂ ਕੀਤੀ।
2. ਉਪਰੋਕਤ ਸੰਸਥਾਵਾਂ ਨਾਲ ਸੰਪਰਕ ਕਰਨ ਦੀ ਥਾਂ ਇਨ੍ਹਾਂ ਮੌਂਟਰੀਅਲ ਵਿਚ ਵਸਦੇ ਇਕ ਅੰਗਰੇਜ਼ੀ ਪੁਸਤਕਾਂ ਦੇ ਪ੍ਰਕਾਸ਼ਕ ਸਟੀਫਨ ਗਿੱਲ ਨਾਲ ਸਿੱਧੀ ਗੱਲਬਾਤ ਰਾਹੀਂ ਉਸ ਨੂੰ ਇਸ ਸੰਮੇਲਨ ਦਾ ਪ੍ਰਬੰਧਕ ਥਾਪ ਦਿੱਤਾ ਜਿਸ ਨੂੰ ਆਪ ਮਸਾਂ ਟੁੱਟੀ ਫੁੱਟੀ ਪੰਜਾਬੀ ਬੋਲਣੀ ਆਉਂਦੀ ਹੈ।
3. ਸਟੀਫਨ ਗਿੱਲ ਨੂੰ ਪ੍ਰਬੰਧਕ ਥਾਪਣ ਦਾ ਵੱਡਾ ਕਾਰਨ ਇਹ ਹੈ ਕਿ ਉਹ ਮੌਂਟਰੀਅਲ ਵਿਚ ਰਹਿੰਦਾ ਹੈ ਜਿਥੇ ਸੂਬਾ ਸਰਕਾਰ ਅਜਿਹੇ ਸੰਮੇਲਨ ਲਈ ਸਰਕਾਰੀ ਗਰਾਂਟ ਦੇ ਸਕਦੀ ਹੈ ਤੇ ਉਹ ਪਹਿਲਾਂ ਹੀ ਅੰਗਰੇਜ਼ੀ ਪ੍ਰਕਾਸ਼ਕ ਦੇ ਤੌਰ ਤੇ ਆਪਣੀ ਝੋਲੀ ਇਨ੍ਹਾਂ ਗਰਾਂਟਾਂ ਦੇ ਆਸਰੇ ਭਰਦਾ ਰਿਹਾ ਹੈ।
4. ਸਟੀਫਨ ਗਿੱਲ ਨੂੰ ਪ੍ਰਬੰਧਕ ਥਾਪਣ ਦੀ ਸਲਾਹ ਕੈਨੇਡਾ ਦੇ ਇਕ 'ਸਥਾਪਤ' ਤੇ 'ਪੁਰਸਕਾਰਤ' ਪੰਜਾਬੀ ਕਵੀ ਦੀ ਹੈ ਜੋ ਇਨ੍ਹਾਂ ਅਖੌਤੀ 'ਵਿਸ਼ਵ' ਪੰਜਾਬੀ ਸੰਮੇਲਨਾਂ ਵਾਂਗ ਆਪ ਆਪਣੀ 'ਵਿਸ਼ਵ' ਸੰਸਥਾ ਦਾ ਇਕੱਲਾ ਹੀ ਕਰਤਾ ਧਰਤਾ ਹੈ।
5. ਕੀ ਇਹ ਸੰਭਵ ਹੈ ਕਿ ਕੇਵਲ ਦੋ ਵਿਅਕਤੀ ਅਜਿਹੇ ਸੰਮੇਲਨ ਲਈ ਯੋਗ ਢੰਗਾਂ ਨਾਲ ਫੰਡ ਇਕੱਤਰ ਕਰਨ ਦੇ ਸਮਰੱਥ ਹਨ? ਸਟੀਫਨ ਗਿੱਲ ਨਾਲ ਕਿਸੇ ਪੰਜਾਬੀ ਲੇਖਕ, ਪੰਜਾਬੀ ਸਾਹਿਤ ਸਭਾ ਜਾਂ ਪੰ[illegible] ਸੰਸਥਾ ਦਾ ਕੋਈ ਸਬੰਧ ਨਹੀਂ। ਕਿਸ ਢੰਗ ਨਾਲ ਉਹ ਕੈਨੇਡਾ ਦੇ ਪੰਜਾਬੀਆਂ ਤੱਕ ਪਹੁੰਚ ਕਰੇਗਾ, ਇਹ ਵੀ ਉਸ ਨੂੰ ਪਤਾ ਨਹੀਂ।

ਉਪਰੋਕਤ ਕਾਰਨ ਕੇਵਲ ਅਟਵਾ ਵਿਚ ਐਲਾਨੇ ਗਏ 'ਵਿਸ਼ਵ' ਪੰਜਾਬੀ ਸੰਮੇਲਨ ਨਾਲ ਸਬੰਧਤ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਇਹ ਦੋ [illegible] 'ਵਿਸ਼ਵ' ਪੰਜਾਬੀ ਸੰਮੇਲਨਾਂ ਦੇ ਅਜਿਹੇ ਢੰਗ ਅਪਨਾਉਣ ਲਈ ਮਜਬੂਰ ਕਿਉਂ ਹਨ?

1981 ਵਿਚ ਸਕੱਤਰ ਜਨਰਲ ਨੇ ਤਿਆਰੀ ਕਮੇਟੀ ਦੇ ਕੈਨੇਡਾ ਵਿਚਲੇ ਦੋ ਮੈਂਬਰਾਂ ਸ੍ਰੀ ਗੁਰਚਰਨ ਰਾਮਪੁਰੀ ਤੇ ਅਜਮੇਰ ਰੋਡੇ ਨੂੰ ਖਤ ਲਿਖਿਆ ਕਿ ਪੰਜਾਬੀ ਸੰਸਥਾਵਾਂ ਨਾਲ ਸਲਾਹ ਕਰਕੇ ਸੰਮੇਲਨ ਕੈਨੇਡਾ ਵਿਚ ਕਰਵਾ ਲਿਆ ਜਾਵੇ। ਅਜੇ ਉਹ ਸਲਾਹ ਮਸ਼ਵਰਾ ਕਰ ਹੀ ਰਹੇ ਸਨ ਕਿ ਇਨ੍ਹਾਂ ਨੇ ਰਵਿੰਦਰ ਰਵੀ ਨੂੰ ਤੀਜਾ ਮੈਂਬਰ ਥਾਪ ਦਿੱਤਾ। ਉਸ ਸ੍ਰੀਮਾਨ ਨੇ ਫੋਨਾਂ ਤੇ ਚਿੱਠੀਆਂ ਰਾਹੀਂ ਕਿਸੇ ਨੂੰ ਕੁਝ ਤੇ ਕਿਸੇ ਨੂੰ ਕੁਝ ਕਹਿ ਸਭ ਸਭਾਵਾਂ ਵਿਚ ਤਰੇੜਾਂ ਪਾ ਦਿੱਤੀਆਂ। ਕੈਨੇਡਾ ਵਿਚ ਪੰਜਾਬੀ ਲੇਖਕਾਂ ਨੂੰ ਕੁਝ ਕਹਿੰਦਾ ਰਿਹਾ ਤੇ ਸਕੱਤਰ ਜਨਰਲ ਨੂੰ ਕੁਝ ਹੋਰ ਦੱਸਦਾ ਰਿਹਾ। ਸਿੱਟੇ ਵਜੋਂ ਉਹ ਆਪ ਹੀ

ਕੈਨੇਡਾ ਦੇ ਲੇਖਕਾਂ ਵਿਚ ISOLATE ਹੋਇਆ ਤੇ ਇਸ ਸੰਮੇਲਨ ਦੇ ਜੜ੍ਹੀਂ ਹੀ ਤੇਲ ਦੇ ਦਿੱਤਾ। ਇਸ ਤੋਂ ਪਿਛਲੇ ਵਰ੍ਹੇ ਸ੍ਰੀ ਰਾਮਪੁਰੀ ਤੇ ਅਜਮੇਰ ਰੋਡੇ ਨੇ ਇਨ੍ਹਾਂ ਸੰਮੇਲਨੀਆਂ ਨੂੰ ਸਲਾਹ ਦਿੱਤੀ ਕਿ ਕੈਨੇਡਾ ਵਿਚ ਹਾਲਾਤ ਸੁਖਾਵੇਂ ਨਹੀਂ। ਉਨ੍ਹਾਂ ਇਸਦੇ ਕਈ ਕਾਰਨ ਵੀ ਦੱਸੇ ਸਨ।...

ਕਾਰਨ ਦੱਸਣ ਤੋਂ ਪਿਛੋਂ ਇਹ ਸੁਝਾਅ ਦਿੱਤਾ ਗਿਆ ਸੀ ਕਿ ਅਜਿਹਾ ਸੰਮੇਲਨ ਪੰਜਾਬ ਜਾਂ ਪਾਕਿਸਤਾਨੀ ਪੰਜਾਬ ਵਿਚ ਕੀਤਾ ਜਾਵੇ ਤਾਂ ਕਿ ਬਾਹਰਲੇ ਦੇਸ਼ਾਂ ਦੇ ਪੰਜਾਬੀ ਲੇਖਕ ਆਪਣੇ ਸਕੇ ਪੰਜਾਬੀ-ਲੇਖਕ ਮਿੱਤਰਾਂ ਨੂੰ ਮਿਲ ਸਕਣ। ਇਹ ਕਾਰਨ ਤੇ ਸੁਝਾਅ ਤਿਆਰੀ ਕਮੇਟੀ ਨੂੰ ਦਿੱਤੇ ਗਏ। ਜਦ ਇਸੇ ਪਾਸਿਉਂ - ਇਨ੍ਹਾਂ ਤਿਆਰੀ ਕਮੇਟੀ ਵਾਲਿਆਂ ਨੂੰ ਹੁੰਗਾਰਾ ਨਾ ਮਿਲਿਆ 1981 ਵਿਚ ਇਹ ਸੰਮੇਲਨ ਬੰਦ ਕਰ ਦਿੱਤਾ ਗਿਆ।

ਹੁਣ 1982 ਵਿਚ ਦੁਬਾਰਾ ਇਕ ਦੋ ਵਿਅਕਤੀਆਂ ਨਾਲ ਸਾਜ਼ਸ਼ ਕਰਕੇ ਇਹ ਮੁੜ ਸ਼ੜ੍ਹ-ਯੰਤਰ ਰਚਾਉਣ ਦੇ ਚੱਕਰ ਵਿਚ ਹਨ। ਕੈਨੇਡਾ ਦੇ ਹਾਲਾਤ ਇਸ ਸਮੇਂ ਬੇਹੱਦ ਸੰਗੀਨ ਹਨ। ਇਥੋਂ ਦੇ ਰਾਜਨੀਤਕ, ਆਰਥਿਕ ਤੇ ਸਮਾਜਿਕ ਸਥਿਤੀ ਬੇਹੱਦ ਗੰਭੀਰ ਹੈ। ਪੰਜਾਬੀਆਂ ਦਾ ਜੀਵਨ ਏਥੇ ਪਹਿਲਾਂ ਹੀ ਵਿਤਕਰਾ-ਭਰਪੂਰ ਹੈ ਪਰ ਹੁਣ ਨਵੀਆਂ ਪੇਚੀਦਗੀਆਂ ਜਨਮ ਲੈ ਰਹੀਆਂ ਹਨ। ਆਰਥਿਕ ਤੌਰ ਤੇ ਕੈਨੇਡਾ ਮੰਦਹਾਲੀ ਦੀ ਹਾਲਤ ਵਿਚੋਂ ਗੁਜ਼ਰ ਰਿਹਾ ਹੈ, ਬੇਰੁਜ਼ਗਾਰੀ ਪੰਜਾਬੀਆਂ ਦਾ ਲੱਕ ਤੋੜ ਰਹੀ ਹੈ, ਟੈਕਸਾਂ ਤੇ ਨਸਲੀ ਵਿਤਕਰਾ ਪਹਿਲਾਂ ਨਾਲੋਂ ਵੀ ਵੱਧ ਗਿਆ ਹੈ, ਪੰਜਾਬੀਆਂ ਦੇ ਘਰ, ਕਾਰਾਂ ਨਸਲਵਾਦੀ ਗੋਰਿਆਂ ਵਲੋਂ ਜਲਾਏ ਜਾ ਰਹੇ ਹਨ, ਨਿੱਤ ਦਿਨ ਵੈਨਕੂਵਰ ਤੇ ਟਰਾਂਟੋ ਆਦਿ ਸ਼ਹਿਰਾਂ ਵਿਚ ਲੋਕਾਂ ਦੀਆਂ ਪੱਗਾਂ ਲਹਿੰਦੀਆਂ ਹਨ ਤੇ ਰਹਿੰਦੀ ਕਸਰ ਪੰਜਾਬ ਤੋਂ ਪਹੁੰਚੇ ਇਕ 'ਖ਼ਾਲਸਾ' ਮਹਾਂ-ਪੁਰਸ਼ ਨੇ ਪੂਰੀ ਕਰ ਦਿੱਤੀ ਹੈ। ਉਸ ਦੇ ਇਸ਼ਾਰੇ ਤੇ ਅਤੇ ਕੁਝ ਠੱਗ ਟਰੈਵਲ ਏਜੰਟਾਂ ਦੀਆਂ ਚਾਲਾਂ ਕਾਰਨ ਹਜ਼ਾਰਾਂ ਪੰਜਾਬੀ ਪਿਛਲੇ ਕੁਝ ਸਮੇਂ ਵਿਚ ਕੈਨੇਡਾ ਪਹੁੰਚੇ ਹਨ - ਜਿਨ੍ਹਾਂ ਵਿਚੋਂ ਕੁਝ ਜੇਲ੍ਹਾਂ ਵਿਚ ਬੈਠੇ ਹਨ ਕੁਝ ਹੋਟਲਾਂ ਵਿਚ ਤਾੜੇ ਹੋਏ ਹਨ ਤੇ ਜਿਨ੍ਹਾਂ ਦੇ ਰਿਸ਼ਤੇਦਾਰ ਹਨ, ਉਹ ਖੁਦ ਰਿਸ਼ਤੇਦਾਰਾਂ ਤੇ ਬੋਝ ਬਣੇ ਬੈਠੇ ਹਨ। ਦੂਜੇ ਪਾਸੇ ਇਸ 'ਖ਼ਾਲਸਾ' ਮਹਾਂ-ਪੁਰਸ਼ ਦੀ ਕਰਤੂਤ ਕਾਰਨ ਪੰਜਾਬੀਆਂ ਨਾਲ ਕੈਨੇਡਾ ਦੀ ਸਰਕਾਰ ਹੋਰ ਵੀ ਗੁੱਸੇ ਹੋਈ ਹੈ ਜਿਸ ਕਾਰਨ ਪੰਜਾਬੀ ਟੱਬਰ ਦੁਖਦਾਈ ਅਵਸਥਾ ਵਿਚੋਂ ਗੁਜ਼ਰ ਰਹੇ ਹਨ। ਹਜ਼ਾਰਾਂ ਪੰਜਾਬੀਆਂ ਦੀਆਂ ਸਹੀ ਅਰਜ਼ੀਆਂ ਕੈਨੇਡਾ ਦੇ ਦਿੱਲੀ ਦਫਤਰ ਵਿਚ ਰੁਲ ਰਹੀਆਂ ਹਨ, ਜਾਣ ਬੁਝ ਕੇ ਦੇਰੀ ਕੀਤੀ ਜਾ ਰਹੀ ਹੈ ਤੇ ਪੰਜਾਹ ਫੀ ਸਦੀ ਤੋਂ ਉਪਰ ਨਜਾਇਜ਼ ਰੱਦ ਕੀਤੀਆਂ ਜਾ ਰਹੀਆਂ ਹਨ।

ਇਨ੍ਹਾਂ ਹਾਲਤਾਂ ਵਿਚ ਕੈਨੇਡਾ ਵਿਚ ਪੰਜਾਬੀ ਸੰਮੇਲਨ ਕਰਵਾਉਣ ਦਾ ਲਾਭ ਦੋ ਕਿਸਮ ਦੇ ਲੋਕਾਂ ਨੂੰ ਹੀ ਹੋ ਸਕਦਾ ਹੈ। ਪਹਿਲਾਂ, ਪੰਜਾਬ ਦੇ 'ਸੰਮੇਲਨੀਆਂ' ਨੂੰ ਜਿਨ੍ਹਾਂ ਵਿਚ ਸਰਕਾਰੀ ਅਫਸਰ ਜਾਂ ਯੂਨੀਵਰਸਿਟੀਆਂ ਦੇ ਅਧਿਕਾਰੀ ਹਨ ਜਿਨ੍ਹਾਂ ਸਰਕਾਰ ਵੱਲੋਂ ਕਿਸੇ ਨਾ ਕਿਸੇ ਢੰਗ ਨਾਲ ਲੋਕਾਂ ਦੇ ਪੈਸੇ ਖਰਚ ਕੇ ਸੈਰ ਸਪਾਟਾ ਕਰਨਾ ਹੈ। ਕੁਝ ਬੰਦਿਆਂ ਨੂੰ ਸਰਕਾਰੀ ਜਾਂ ਗੈਰ ਸਰਕਾਰੀ ਇਨਾਮ ਦੁਆਉਣ ਦੇ ਲਾਰੇ ਦੇ ਕੇ ਏਥੇ ਐਸ਼ ਕਰਨੀ ਹੈ ਜਾਂ ਉਨ੍ਹਾਂ ਦੀਆਂ ਪੁਸਤਕਾਂ ਕੋਰਸਾਂ ਵਿਚ ਲਵਾਉਣੀਆਂ ਹਨ, ਦੂਜੇ ਅਜਿਹੇ ਸੰਮੇਲਨ ਦਾ ਲਾਭ ਉਨ੍ਹਾਂ ਇਕ ਦੋ ਵਿਅਕਤੀਆਂ ਨੂੰ ਹੈ ਜਿਨ੍ਹਾਂ ਏਥੇ ਗਰਾਂਟਾਂ ਛਕਣੀਆਂ ਹਨ। ਇਸ ਤੋਂ ਇਸ ਸੰਮੇਲਨ ਦਾ ਮਕਸਦ ਪੰਜਾਬੀ ਭਾਸ਼ਾ ਦੀ ਉਨਤੀ ਜਾਂ ਵਿਕਾਸ ਕਦਾਚਿਤ ਨਹੀਂ।

ਜੇ ਇਹ ਸੰਮੇਲਨੀਏ ਪੰਜਾਬੀ ਭਾਸ਼ਾ ਦੇ ਪੰਜਾਬੀ ਸਭਿਆਚਾਰ ਦੇ ਏਨੇ ਹੀ ਸ਼ੌਦਾਈ ਹਨ ਤਾਂ ਇਹ ਪਹਿਲਾਂ ਪੰਜਾਬੀ ਦੀ ਪੰਜਾਬ ਵਿਚ ਹੋ ਰਹੀ ਦੁਰਗਤ ਵੱਲ ਧਿਆਨ ਦੇਣ। ਸਰਕਾਰ ਵਲੋਂ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਧੱਕੇ ਵਿਰੁਧ ਸੰਗਰਾਮ ਲਾਮਬੰਦ ਕਰਨ। ਯੂਨੀਵਰਸਿਟੀਆਂ ਦੇ ਭਾਸ਼ਾ ਵਿਭਾਗ ਦੀਆਂ ਧਾਂਦਲੀਆਂ ਵਿਰੁਧ ਆਵਾਜ਼ ਉਠਾਉਣ। ਪੰਜਾਬੀ ਪੁਸਤਕਾਂ ਛਪਣ ਛਪਵਾਉਣ ਲਈ ਫੰਡ ਇਕੱਠੇ ਕਰਨ। ਪਰ ਨਹੀਂ, ਇਨ੍ਹਾਂ ਨੂੰ ਇਹ ਫਿਕਰ ਹੈ ਕਿ ਵਿਦੇਸ਼ੀ ਬੈਠੇ ਲੇਖਕਾਂ ਦੀਆਂ ਜਥੇਬੰਦੀਆਂ ਵਿਚ ਫੁਟੇੜ ਪਾਈ ਜਾਵੇ, ਚੇਲੇ ਚਾਟੜਿਆਂ ਨੂੰ ਨਿਵਾਜਿਆ ਜਾਵੇ। ਇਕ ਸੰਮੇਲਨ ਇੰਗਲੈਂਡ, ਫੇਰ ਕੈਨੇਡਾ, ਫੇਰ ਕੀਨੀਆਂ, ਫੇਰ ਸਿੰਘਾਪੁਰ। ਸ਼ਰਮ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੂੰ ਪੰਜਾਬ ਵਿਚਲੇ ਨਾ ਤਾਂ ਪੰਜਾਬੀ ਲੇਖਕ ਦਿਸਦੇ ਹਨ ਤੇ ਨਾ ਪੰਜਾਬੀ ਲੋਕ। ਪੰਜਾਬ ਵਿਚ ਤਾਂ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਫਿਕਰ ਨਹੀਂ, ਬਾਹਰਲੇ ਪੰਜਾਬੀਆਂ ਦੀ ਭਲਿਆਈ ਦਾ ਫਿਕਰ ਹੈ।

ਇਸ ਲਈ ਪੰਜਾਬ ਦੇ ਪੰਜਾਬੀ ਲੇਖਕਾਂ, ਪੰਜਾਬੀ ਸਾਹਿਤ ਸਭਾਵਾਂ ਤੇ ਇਨ੍ਹਾਂ ਦੀ ਕੇਂਦਰੀ ਜਥੇਬੰਦੀ, ਕੇਂਦਰੀ ਲੇਖਕ ਸਭਾ ਨੂੰ ਚਾਹੀਦਾ ਹੈ ਕਿ ਅਜਿਹੇ ਫ਼ੈਸਲੇ ਦੇ ਖ਼ਿਲਾਫ਼ 'ਸੰਮੇਲਨੀਆਂ' ਦੀਆਂ ਆਪਹੁਦਰੀਆਂ ਨੂੰ ਨੰਗਿਆਂ ਕੀਤਾ ਜਾਵੇ ਤੇ ਪੰਜਾਬ ਸਰਕਾਰ ਵੀ ਅਜਿਹੇ ਅਫਸਰਾਂ ਦੇ ਨੱਥ ਪਾਵੇ ਜੋ ਪੰਜਾਬੀਆਂ ਦੇ ਨਾਂ ਤੇ ਬਦੇਸ਼ਾਂ ਵਿਚ ਸੈਰ ਸਪਾਟੇ ਦੇ ਸ਼ੌਕੀਨ ਬਣੇ ਹੋਏ ਹਨ। ਸਾਡਾ ਪੰਜਾਬੀਆਂ ਦਾ ਉਦੇਸ਼ ਪੰਜਾਬੀਅਤ ਨੂੰ ਪ੍ਰਫੁਲਤ ਕਰਨਾ ਹੈ ਨਾ ਕਿ ਦੋ ਚਾਰ ਸੁਆਰਥੀ, ਹੈਂਕੜਬਾਜ਼, ਐਸ਼ ਪ੍ਰਸਤ ਤੇ ਚੌਧਰਗੜ੍ਹੀਏ ਬੰਦਿਆਂ ਕਾਰਨ ਇਸ ਨੂੰ ਢਾ ਲਾਉਣਾ ਹੈ।

• • •

# ਪਿਛਲੇ ਅੰਕ ਦਾ ਰੀਵੀਊ

(ਕਵਿਤਾ ਅੰਕ) (ਅਵਤਾਰ ਤੇ ਸਤਵੰਤ)

"ਵਤਨੋਂ ਦੂਰ" ਦੇ 'ਕਵਿਤਾ ਅੰਕ' ਵਿਚ ਸੰਮਿਲਤ ਕਵਿਤਾਵਾਂ 'ਚੋਂ ਬਹੁਗਿਣਤੀ ਉਨ੍ਹਾਂ ਕਵਿਤਾਵਾਂ ਦੀ ਹੈ, ਜੋ ਵਤਨ ਦੀਆਂ ਤੰਗੀਆਂ ਤੁਰਸ਼ੀਆਂ ਦੇ ਜੀਵਨ ਵਲਗਣ 'ਚੋਂ ਬਾਹਰ ਆ ਕੇ ਵਸੇ ਭਾਰਤੀਆਂ ਦੀਆਂ ਜਰਵਾਣਿਆਂ ਦੇ ਦੇਸ਼ ਵਿਚ ਦਰਪੇਸ਼ ਮੁਸ਼ਕਲਾਂ ਬਾਰੇ ਹਨ। ਇਨ੍ਹਾਂ ਕਵਿਤਾਵਾਂ ਦਾ ਇਸ ਅੰਕ ਵਿਚ ਸ਼ਾਮਲ ਕਰਨਾ ਇਕ ਵਧੀਆ ਰੁਝਾਨ ਦਾ ਸੰਕੇਤ ਹੈ ਕਿਉਂਕਿ ਅਸਲੀ ਸਾਹਿਤ ਉਹੀ ਹੁੰਦਾ ਹੈ ਜੋ ਉਸੇ ਸਮਾਜ 'ਚੋਂ ਹੀ ਪੈਦਾ ਹੋਵੇ, ਜਿਸਦੇ ਹਿੱਤਾਂ ਦੀ ਉਹ ਤਰਜਮਾਨੀ ਕਰਦਾ ਹੈ।

ਅਜਮੇਰ ਦੀ ਕਵਿਤਾ ਵਿਚ ਕਿਰਤੀ ਸ਼੍ਰੇਣੀ 'ਚੋਂ ਹੀ ਪੈਦਾ ਹੋਏ ਪੂਤ (ਹਾਕਮ ਸ਼੍ਰੇਣੀ) ਦਾ ਸਾਇਆ (ਛਤਰਛਾਇਆ) ਪੈਣ 'ਤੇ ਬਣੇ ਭਰਾ-ਮਾਰੂ ਲੋਕ ਦੁਸ਼ਮਣਾਂ ਬਾਰੇ ਸੰਕੇਤ ਹੈ-

"ਜਾਪਦਾ ਤਾਂ ਉਹ ਆਪਣੀ ਲਾਟ ਵਰਗੀ ਜਿਹਾ
ਜਿਵੇਂ ਚੋਗਿਆਂ ਪਿਛੇ ਲੁਕੀਆਂ ਬਾਜ਼ ਅੱਖਾਂ 'ਚ ਪਾ ਸਕਦਾ ਸੀ
ਵਿਗਾਟ ਮੂਲੀ ਬਲਦ ਤੋਂ ਪਹਿਲਾਂ
ਜਿਵੇਂ ਚੋਗਿਆਂ ਨੂੰ ਲਾਂਭ ਨਾ ਸਕਦਾ ਸੀ।"
ਪਰ 'ਪੂਤ' ਦਾ 'ਸਾਇਆ' ਪੈਣ 'ਤੇ ਉਹ-
"ਮੋਢੇ 'ਤੇ ਡਟੇ ਆਪਣੇ ਹੀ ਭਰਾ ਦੀ ਡਾਂਗ ਟੋਟੇ ਕਰਦਾ
ਅਵੱਲੇ ਕੰਮ ਕਰਦਾ"

"ਤੇਰ੍ਹਵੇਂ ਵਰ੍ਹੇ ਦੇ ਨਾਂਅ" ਕਵਿਤਾ ਲਿਖ ਕੇ ਸਾਧੂ ਇਸ ਅੰਕ ਦੇ ਕਵਿਤਾ-ਪਿੜ ਵਿਚ ਵਿਸ਼ੇ ਦੇ ਪੱਖ ਤੋਂ ਵੱਡੀ ਮੱਲ ਗਿਆ ਹੈ। ਜਿਸ ਦਿਲ-ਟੁੰਬਵਾਂ ਵਰਨਣ ਕੀਤਾ ਹੈ, ਕੈਨੇਡਾ ਦੀ ਧਰਤੀ ਬਾਰੇ-

"ਤੂੰ ਉਸ ਹੁਸੀਨ ਔਰਤ ਵਾਂਗ ਏਂ
ਜੋ ਸਿਰਫ਼ ਸ਼ੌਕ ਲਈ ਹੀ ਆਪਣੀ ਪਤ ਲੁਟਾ ਰਹੀ ਹੋਵੇ।"

ਕਵੀ ਦੀ ਹਮਦਰਦੀ ਮੁਜ਼ਰੇ ਦੇ ਰੂਪ ਵਿਚ ਵਸੇ ਉਸ ਖ਼ੂਨ ਨਾਲ ਹੈ ਜਿਸਦੀ ਮੇਹਨਤ ਦਾ ਫਲ ਕੋਈ ਹੋਰ ਖਾਂਦਾ ਹੈ।

"ਮੈਨੂੰ ਲੈਟਸ ਤੋਂ ਲੈ ਕੇ ਸੰਗਤਰਿਆਂ ਤੱਕ
ਸਭ 'ਚੋਂ ਉਸ ਮੁਜ਼ਰੇ ਦੀ ਬੂਅ ਆਉਂਦੀ ਹੈ
ਜਿਹਦਾ ਪੂਰਾ ਮੁਲ ਨਹੀਂ ਮੋੜਿਆ ਗਿਆ।"

ਮਨੁੱਖਤਾ ਦੀ ਜਾਗਰਤੀ ਅਤੇ ਉੱਨਤੀ ਦੇ ਮਾਰਗ ਲਈ ਪੁਲ ਬਣੇ ਗੁਮਨਾਮ ਸਰਜੀਵੜਿਆਂ ਬਾਰੇ ਪੰਜਲ ਦੀ ਕਵਿਤਾ ਵਰਨਣਯੋਗ ਹੈ-

"ਕੈਨੇਡਾ ਦੀ ਧਰਤ 'ਚ ਗੁੰਮਿਆਂ ਨਾਲ ਭਾਰਤੀ,
ਵਿਸ਼ਵ ਯੁੱਧ ਦਾ ਕੋਈ ਗੁਮਨਾਮ ਸੈਨਿਕ
ਬਿਨ ਖੱਫਣੋਂ ਤੜਫਦਾ ਇਨਕਲਾਬੀਆਂ ਮੁਕਤਾ
ਸੰਗੀਤਕਾਰ ਦੀ ਕੁਛੀ ਹੇਠ ਦਫ਼ਨਿਆ ਤਬਲਚੀ
ਮੈਂ ਕੋਈ ਵੀ ਹੋ ਸਕਦਾ ਹਾਂ
ਨੀਂਹ 'ਚ ਚਿਣੇ ਅਣਦਿਸਦੇ ਪੱਥਰਾਂ ਦਾ
ਕੋਈ ਇਤਿਹਾਸ ਨਹੀਂ ਹੁੰਦਾ।"

ਤੰਗੀਆਂ ਤੁਰਸ਼ੀਆਂ ਤੇ ਮਜਬੂਰੀਆਂ ਦੇ ਮਾਰੇ ਕੋਹਲੂ ਦੇ ਬੈਲ ਬਣੇ ਮਨੁੱਖ ਦੀ ਦਰਦ ਕਹਾਣੀ ਇੰਜ ਸੁਣੋ-

"ਸੁਬ੍ਹਾ ਦਾ ਗਿਆ ਮੈਂ ਅੱਧੀ ਰਾਤ ਪਰਤਦਾ ਹਾਂ
ਅੱਖਾਂ ਵਿਚ ਤੂੰ ਨਹੀਂ, ਨੀਂਦ ਹੁੰਦੀ ਹੈ।" (ਸੁਖਵੰਤ ਹੁੰਦਲ)

"ਮੱਕੀ ਗਰੋਸਰੀ ਦਾ ਸੰਦੇਸ਼
ਬੱਚਿਆਂ ਦੀਆਂ ਮੰਗਾਂ
ਪਤਨੀ ਦੇ ਹੱਥ ਵਿਚ ਦੇਸੋਂ ਆਇਆ ਮਾਂ ਪਿਉ ਦਾ ਪੱਤਰ
ਦਰਵਾਜ਼ੇ ਵਿਚ ਹੀ ਕਰਦਾ ਹੈ ਸੁਆਗਤ" (ਜਗਦੇਵ ਜਟਾਣਾ)

"ਇਥੇ ਡਾਲਰ ਦੀ ਗੱਲ ਕਾਹਦੀ ਇਥੇ ਹੱਡ ਤੁੜਵਾਣਾ
ਥੱਕੇ ਟੁੱਟੇ ਜਿਸਮ ਸ਼ਾਮ ਨੂੰ ਦਾਰੂ ਪੀ ਸੌਂ ਜਾਣਾ।" (ਮਹਿੰਦਰ ਸੁਮਨ)

"ਗਲਤ ਦੇਖੀ ਮੈਂ ਬਿਰਖਾਂ ਦੀ ਸਾਂਝੀ
ਤਾਂ ਜਾਂਦੀ ਤੜਕੇ ਨੂੰ ਅੱਖ ਉਘਾੜੀ।" (ਮੋਤਾ ਸਿੰਘ ਗਰੇਵਾਲ)

ਦੂਸਰੇ ਵਿਸ਼ੇ ਦੀਆਂ ਕਵਿਤਾਵਾਂ ਇਸ ਅੰਕ ਵਿਚ ਉਹ ਹਨ, ਜਿਨ੍ਹਾਂ ਨੂੰ ਕਵੀ ਦੀ ਜਾਗਦੀ ਜ਼ਮੀਰ ਨੇ ਬਹੁਤ ਡੂੰਘਾਈ ਤੱਕ ਟੋਹਿਆ ਹੈ-

"ਅੰਧਕਾਰੀਂ ਚਮਕਦੀ ਹਰ ਸ਼ੈਅ
ਸੂਰਜ ਨਹੀਂ ਹੁੰਦੀ
ਬੋਦੀ ਵਾਲਾ ਤਾਰਾ ਵੀ ਹੋ ਸਕਦੀ ਹੈ।" (ਅਮਰਜੀਤ ਚਾਹਲ)

"ਇਸ (ਜੰਗ) ਵਿਚ ਸੂਰਮਗਤੀ ਨੂੰ ਕੋਈ ਥਾਂ ਨਹੀਂ
ਇਸ ਵਿਚ ਤਾਂ ਸਿਰਫ਼ ਇਕ ਬੇਵਕੂਫ਼ ਦਿਮਾਗ ਦੀ ਲੋੜ ਹੈ।" (ਸੁਰਜੀਤ ਕਲਸੀ)

"ਹੱਕ ਲੈ ਕੇ ਹੀ ਪਰਤਾਂ ਨੂੰ ਸਮਝਲੋ
ਇੱਕ ਵਾਰ ਜੋ ਪਏ ਪਰਤਾਂ 'ਤੇ ਚੱਲ (ਰਜਿੰਦਰ ਚੀਮਾ)

"ਇੰਗਲੈਂਡ ਦੀ ਥੈਚਰ ਮਾਤਾ/ ਆਪੇ ਬਣੀ ਮਾਂ ਮਤਰੇਈ
ਆਪਣੇ ਬੱਚਿਆਂ ਹੱਥੋਂ/ ਆਪਣੇ ਬੱਚੇ ਆਪ ਕੁਹਾਏ" (ਕੇਸਰ ਸਿੰਘ ਨਾਵਲਿਸਟ)

"ਜਿਨ੍ਹਾਂ ਦੇ (ਤੁਹਾਡੇ) ਖਾਣ ਲਈ ਸਾਡੇ ਵੀਰ ਧਰਤੀ 'ਚ ਸੁਰੰਗਾਂ ਚੀਰਦੇ ਰਹੇ
ਤੇ ਉਹਨਾਂ (ਅਸੀਂ) ਸਾਡੀਆਂ ਡੂੰਘੀਆਂ ਛਾਣ ਕੇ
ਅੱਜ ਉਥੇ ਉੱਚੀਆਂ ਇਮਾਰਤਾਂ ਬਣਾਈਆਂ
ਸਾਨੂੰ ਫੁਟਪਾਥਾਂ 'ਤੇ ਸੌਣ ਲਈ ਮਜਬੂਰ ਕਰ ਦਿਤਾ।" (ਨਾਟ ਭਿੰਡਰ)

"ਕਣਕ ਬੀਜਣ ਤੋਂ ਪਹਿਲਾਂ ਹੀ
ਸਿੱਟਿਆਂ ਤੇ ਦਾਣਾ-ਮੰਡੀ ਆ ਬਹਿੰਦੀ ਹੈ।" (ਰਵਿੰਦਰ ਰਵੀ)

"ਜੋ ਸੱਚ ਦੇ ਆਸ਼ਕ ਸੱਚ ਬਦਲੇ ਸਿਰ ਦਿੰਦੇ ਨਾਂ ਪਛਤਾਉਂਦੇ ਨੇ
ਉਹ ਸੱਚਮੁੱਚ ਦੋਹਾਂ ਜਹਾਨਾਂ ਵਿਚ ਅਤਿ ਉਚਾ ਰੁਤਬਾ ਪਾਉਂਦੇ ਨੇ" (ਕਸ਼ਮੀਰਾ ਸਿੰਘ ਚਮਨ)

"ਇਸ ਜ਼ਮਾਨੇ ਵਿਚ ਉਹ ਸ਼ਾਮਲ ਨਹੀਂ ਹਨ
ਲਾਸ਼ ਜਿਨ੍ਹਾਂ ਦੀ ਸੜੀ ਚੌਕਦਨ ਹਰ 'ਤੇ
ਕਾਤਲਾਂ ਦੇ ਕਹਿਰ ਤੋਂ ਡਰਦੇ ਸਹੀਦੀ
ਜਿਨ੍ਹਾਂ ਦੀ ਪਹਿਚਾਣ ਖ਼ਾਤਰ ਨਾ ਆਏ।" (ਗੁਰਚਰਨ ਰਾਮਪੁਰੀ)

"ਜਦ ਕ੍ਰਾਂਤੀ ਦਾ ਫਲਸਫ਼ਾ
ਬਣ ਜਿਗਰ ਤੇ ਜਿਸਮ ਦੀ ਢਾਲ ਆਇਆ
ਹਨੇਰਾ ਕੀ ਕਰੇਗਾ?" (ਜਰਨੈਲ)

ਇਸ ਅੰਕ ਵਿਚ ਕੁਝ ਕਵਿਤਾਵਾਂ ਐਸੀਆਂ ਹਨ, ਜਿਨ੍ਹਾਂ ਦੇ ਵਿਸ਼ੇ, ਕਲਾ ਜਾਂ ਜਿਹੜੇ ਬਾਰੇ ਕੋਈ ਰਾਇ ਬਣਾ ਸਕਣੀ ਪਾਠਕ ਲਈ ਔਖੀ ਹੋ ਜਾਂਦੀ ਹੈ। ਤਿਰਲੋਚਨ ਗਿੱਲ ਨੇ "ਅਣਛਪੀ ਕਵਿਤਾ" ਪਰਚੇ ਵਿਚ ਛਪਵਾ ਕੇ ਵੀ ਪਾਠਕਾਂ ਦੇ ਕੁਝ ਪੱਲੇ ਨਹੀਂ ਪਾਇਆ। ਇਸੇ ਤਰ੍ਹਾਂ ਹੀ "ਜ਼ਖ਼ਮ ਤੇ ਸਲਾਮ" (ਅੰਮ੍ਰਿਤ ਮੰਨਾ), "ਤੇਰਾ ਸਦਾਚਾਰ" (ਸੁਖੀ ਅਮਰਜੀਤ), "ਤੂੰ ਤੇ ਮੈਂ" (ਹਰਮਿੰਦਰ), "ਅਨ੍ਹੇਰੀ ਤੇ ਲੋਅ ਵਿਚਾਰ" (ਗੁਰਦੇਵ ਰਵੀ), ਆਦਿ ਅਜਿਹੀਆਂ ਰਚਨਾਵਾਂ ਹਨ ਜੋ ਕਿ ਸਿਰਫ਼ ਲਿਖਣ ਲਈ ਹੀ ਲਿਖੀਆਂ ਗਈਆਂ ਜਾਪਦੀਆਂ ਹਨ, ਸਾਧਾਰਨ ਪਾਠਕ ਦੀ ਪਕੜ ਤੋਂ ਕੋਹਾਂ ਦੂਰ। ਅਜੇਹੇ ਕਵੀਆਂ ਨੂੰ ਵਧੇਰੇ ਮੇਹਨਤ ਕਰਨ ਦੀ ਜ਼ਰੂਰਤ ਹੈ, ਕਿਉਂਕਿ ਭਵਿੱਖ ਵਿਚ ਉਹਨਾਂ ਤੋਂ ਚੰਗੇਰੀਆਂ ਕਿਰਤਾਂ ਦੀ ਆਸ ਹੈ।

ਕੁੱਲ ਮਿਲਾ ਕੇ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਇਸ ਅੰਕ ਵਿਚਲੀ ਸਾਮੱਗਰੀ ਦੀ ਚੋਣ ਕਰਨ ਵੇਲੇ ਸਿਆਣਪ ਅਤੇ ਗੰਭੀਰਤਾ ਤੋਂ ਕੰਮ ਲਿਆ ਗਿਆ ਹੈ। ਅਦਾਰਾ "ਵਤਨੋਂ ਦੂਰ" ਇਸ ਵਿਸ਼ੇਸ਼ ਅੰਕ ਲਈ ਵਧਾਈ ਦਾ ਹੱਕਦਾਰ ਹੈ।

# ਰੀਵੀਊ:

## "ਵਤਨੋਂ ਦੂਰ" ਦਾ ਕਨੇਡੀਅਨ ਪੰਜਾਬੀ ਕਵਿਤਾ ਅੰਕ

ਪੌਂਡਾਂ / ਡਾਲਰਾਂ ਦੀ ਖਾਹਿਸ਼ ਹਰ ਲੋੜਵੰਦ ਭਾਰਤੀ ਲਈ ਖਿੱਚ ਦਾ ਕਾਰਨ ਬਣਦੀ ਹੈ ਅਤੇ ਲੋਕ ਜ਼ਮੀਨ ਜਾਇਦਾਦ ਵੇਚ ਕਿਸੇ ਨਾ ਕਿਸੇ ਹੀਲੇ ਵਿਦੇਸ਼ ਜਾਣਾ ਲੋਚਦੇ ਹਨ। ਅਤੇ ਉਹ ਏਜੰਟਾਂ ਹੱਥੋਂ ਲੁੱਟੀਦਾ ਕਾਨੂੰਨੀ ਜਾਂ ਗੈਰਕਾਨੂੰਨੀ ਮੋਰੀਆਂ ਮੇਮਾਂ ਦੇ ਪੌਂਡਾਂ ਡਾਲਰਾਂ ਵਾਲੇ ਦੇਸ਼ ਪੁੱਜ ਜਾਂਦਾ ਹੈ। ਇਥੇ ਆਕੇ ਜਦੋਂ ਉਸਨੂੰ ਅਸਲੀਅਤ ਨਾਲ ਦੋ ਹੱਥ ਕਰਨੇ ਪੈਂਦੇ ਹਨ ਤਾਂ ਉਹ ਡਾਢਾ ਦੁੱਖੀ ਹੁੰਦਾ ਹੈ। ਉਸ ਨੂੰ ਪਤਾ ਲਗਦਾ ਹੈ ਕਿ ਪੌਂਡ ਡਾਲਰ ਕਮਾਉਣ ਲਈ ਤਨੋਤੋੜ ਮਿਹਨਤ ਕਰਨੀ ਪੈਂਦੀ ਹੈ। "ਵਤਨੋਂ ਦੂਰ" (ਦੋ ਮਾਸਿਕ ਸਾਹਿਤ ਪੱਤਰਕਾ) ਦਾ "ਕਨੇਡੀਅਨ ਪੰਜਾਬੀ ਕਵਿਤਾ ਅੰਕ" ਪੜ੍ਹਕੇ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਧਨ ਕਮਾਉਣ ਲਈ ਜਿਥੇ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ ਤੇ ਓਵਰਟਾਇਮ ਲਾਣਾ ਪੈਂਦਾ ਹੈ ਉਥੇ ਕਈ ਵਾਰੀ ਕੰਮ ਨਾ ਮਿਲਣ ਤੇ ਕੰਮ ਛੁੱਟ ਜਾਣ ਦਾ ਡਰ ਹਰ ਵੇਲੇ ਭੂਤ ਦੇ ਸਾਏ ਵਾਂਗ ਡਰਾਂਦਾ ਰਹਿੰਦਾ ਹੈ। ਨਸਲਵਾਦ ਦੀ ਵਿਆਪਕ ਸਮੱਸਿਆ ਹਰ ਵੇਲੇ ਜਾਨ ਮਾਲ ਦੀ ਖ਼ੈ ਬਣੀ ਰਹਿੰਦੀ ਹੈ। ਵਿਦੇਸ਼ ਜਾਣ ਵਾਲਾ ਹਰ ਲੋੜਵੰਦ ਵਿਅਕਤੀ ਸੋਚਦਾ ਹੈ ਕਿ ਉਥੇ ਜਾਂਦਿਆਂ ਹੀ ਸਵਰਗ ਦਾ ਦੁਆਰ ਖੁੱਲ ਜਾਣ ਵਾਲਾ ਹੈ ਤੇ ਐਸ਼ ਹੀ ਐਸ਼ ਹੈ। ਪਰ ਉਥੇ ਪੁੱਜਕੇ ਅਨੁਭਵ ਕੁੱਝ ਇਸ ਤਰ੍ਹਾਂ ਦਾ ਹੁੰਦਾ ਹੈ:

1

ਆਪਣੇ ਜਾਈਂ ਤਾਂ ਆਪਾਂ
ਦਾਤੀਆਂ, ਕਹੀਆਂ, ਦੁਰਮਟਾਂ, ਤਸਲਿਆਂ ਦੀਆਂ
ਦਲਦਲਾਂ ਨੂੰ ਸੁਟਕ ਆਏ ਸਾਂ,
ਫੁੱਟਪਾਥਾਂ ਤੇ ਉਡੱਰਦੀ
ਭੀੜ ਦੀ ਢੇਰੀ ਵਿਚੋਂ ਖਿਸਕ ਆਏ ਸਾਂ,
ਕਿਸੇ ਇਧ ਨਿਕਲ ਆਏ ਸਾਂ
ਆਪਣੀ ਹੀ ਜ਼ਿੰਦਗੀ ਦੇ ਜਾਗਦੇ ਮਸਲੇ ਹੋਣ।
ਪਰ - ਪਤਾ ਸੀ ਇਥੇ ਵੀ ਤਾਂ
ਫੈਕਟਰੀਆਂ ਇਮਾਰਤਾਂ 'ਚ ਤਰਤੀਬ ਹੋਏ
ਲੋਹੇ ਦੇ ਜੰਗਲ ਸੁਕਦੇ ਨੇ,
ਜਿਨ੍ਹਾਂ ਵਿਚ ਰਿਣਸਦੀ ਹੈ
ਖੁਰਪੇ ਦੀ ਖੁਰਚ ਖੁਰਚ ਦੀ
ਜਰਬੀ ਹੋਈ ਘੁਣਘਣਾਹਟ!
ਏਥੇ ਵੀ ਲੋਹੇ ਦੀ ਖ਼ੁਸ਼ਕਾਂ ਨੂੰ ਸਿੰਜਦੀ ਹੈ
ਲੱਕ ਤੋਂ ਚੋਂਦੀ, ਪਸੀਨੇ ਦੀ, ਉਸਰ ਜੇਡੀ ਤਤੀਰੀ।
ਏਥੇ ਵੀ ਤਾਂ ਆਤਮਾ ਦੇ ਜਿਸਮ ਭੁਰ ਭੁਰ
ਬੈਂਕ ਦੇ ਖਾਤੇ 'ਚ ਢੇਰੀ ਹੋ ਰਹੇ ਨੇ!

(ਘਰਾਂ ਨੂੰ ਪਰਤ ਜਾਈਏ / ਇਕਬਾਲ ਰਾਮੂਵਾਲੀਆ)

੨

ਪੱਛਮ ਦੀ ਸੁੰਦਰਤਾ ਮਾਨਣ ਦੀ ਖਾਹਿਸ਼
ਅੰਦਰੇ ਦਮ ਤੋੜ ਗਈ
ਜਦ ਆਇਆ ਸਾਹਮਣੇ ਰੋਟੀ ਦਾ ਸਵਾਲ।
ਅਤੇ
ਅੱਖਾਂ ਤੇ ਪਰਦਾ ਲਹਿ ਗਿਆ
ਡਾਲਰਾਂ ਦੀ ਚਮਕ ਦਾ
ਮਿਲਾਂ ਦੇ ਗੇੜੇ ਕੱਢਦਿਆਂ
ਹੋਇਆ ਡਾਢਾ ਮੰਦੜਾ ਹਾਲ।
(ਅਰਸ਼ ਤੇ ਫਰਸ਼ / ਜਗਦੇਵ ਜਟਾਣਾ)

3

ਫੱਟਿਆਂ ਦੀ ਠੱਕ ਠੱਕ
ਪਲੇਨਰ ਦੀ ਕੰਨ ਪਾੜਵੀਂ ਅਵਾਜ਼
ਆਰਿਆਂ ਦੀ "ਚਿਰੀਂ ਚਿਰੀਂ
ਕਰਦੀ ਹੈ ਪੈਦਾ ਬੇਸੁਰਾ ਤਾਲ।
ਫੋਰਮੈਨ ਦੀ ਚੁਪੀਤੀ ਆਮਦ
ਬਿਨਾਂ ਕਾਰਨ ਲੋਕਾ ਦੇਵੀ
ਸਾਰੀ ਕੀਤੀ ਕਰਾਈ ਤੇ
ਫੇਰ ਜਾਂਦੀ ਹੈ ਪਾਣੀ।
(ਸ਼ਾਂਤ ਜਗ / ਜਗਦੇਵ ਜਟਾਣਾ)

4

ਇਥੇ ਡਾਲਰ ਦੀ ਗੱਲ ਭਾਰੂ
ਇਥੇ ਹੱਡ ਕੁਟਵਾਣਾ।
ਇਥੇ ਰਾਤੀਂ ਸੋਚ ਨਾ ਪੈਂਦੀ
ਸੋਚ ਸੋਚ ਮਰ ਜਾਣਾ।
(ਇਥੇ ਦੀ ਗੱਲ / ਮਹਿੰਦਰ ਸੁਮਨ)

5

ਅਸੀਂ ਤਾਂ ਜਿਸਮ ਦੇ ਸੌਦੇ
ਵਤਨ ਤੋਂ ਦੂਰ ਕਰਦੇ ਹਾਂ।
ਉਲਾਂਭਾ ਦੇ ਕੇ ਕਿਸਮਤ ਨੂੰ
ਸਦਾ ਮਨਜ਼ੂਰ ਕਰਦੇ ਹਾਂ।
(ਜੀਣ ਦਾ ਫਤਵਾ / ਅਮਰੀਕ ਪਲਾਹੀ)

6

ਹਾਲਤ ਵੇਖੀ ਕਿਰਪਾਂ ਦੀ ਮਾੜੀ।
ਨਾ ਜਾਂਦੀ ਤਕੜੇ ਨੂੰ ਅੱਖ ਉਘਾੜੀ।
ਬੈਠੇ ਦਰਾਂ ਮੋਹਰੇ ਲੈਚ ਟਕਾਈ।
ਰੱਬ ਰੱਖੇ ਸੁੱਖ ਟੱਕਰੀ ਨਹੀਂ ਆਈ।
(ਬਿਰਧ ਖੇਤ ਮਜ਼ਦੂਰ / ਸੰਤਾ ਸਿੰਘ ਗਰੇਵਾਲ)

ਵਿਦੇਸ਼ਾਂ ਵਿਚ ਜਾਕੇ ਜਿਥੇ ਵਿਅਕਤੀ ਸਰੀਰਕ ਦੁੱਖ ਭੋਗਦਾ ਹੈ ਉਥੇ ਮਾਨਸਿਕ ਤੌਰ ਤੇ ਵੀ ਬੁਰੀ ਤਰ੍ਹਾਂ ਟੁੱਟਦਾ ਹੈ, ਅਤੇ ਪਰਿਵਾਰਕ ਜੀਵਨ ਬਿਖਰ ਜਾਂਦਾ ਹੈ। ਕਨੇਡਾ ਦੇ ਪੰਜਾਬੀ ਲਿਖਾਰੀ ਇਸ ਦੁਖਾਂਤਕ ਸਥਿਤੀ ਵਿਚੋਂ ਗੁਜ਼ਰਦੇ ਹੀ ਨਹੀਂ ਸਗੋਂ ਇਸ ਦੇ ਕਾਰਨਾਂ ਅਤੇ ਸਿੱਟਿਆਂ ਤੋਂ ਵੀ ਖ਼ਬਰਦਾਰ ਹਨ। ਉਹ

ਜੋ ਭਵਿੱਖ ਦੇ ਸੁਫਨੇ ਬੁਣਦੇ ਤਾਂ ਹਨ ਪਰ ਸਾਕਾਰ ਨਹੀਂ ਕਰ ਸਕਦੇ। ਉਹ ਆਪਣੀਆਂ ਅੱਖਾਂ ਸਾਹਮਣੇ ਟੁੱਟਦੇ ਸੁਨਹਿਰੀ ਸੁਪਨਿਆਂ ਨੂੰ ਦੇਖਦੇ ਹਨ।

ਮੈਂ ਜਦੋਂ ਵੀ ਤੈਥੋਂ ਦੂਰ ਹੁੰਦਾ ਹਾਂ
ਤੂੰ ਪੂਰੀ ਦੀ ਪੂਰੀ ਮੇਰੀਆਂ
ਅੱਖਾਂ ਵਿਚ ਹੁੰਦੀ ਹੈਂ।
ਪਰ ਸਫ਼ਰ ਦਾ ਗਿਆ ਮੈਂ
ਅੱਧੀ ਰਾਤ ਪਰਤਦਾ ਹਾਂ
ਅੱਖਾਂ ਵਿਚ ਤੂੰ ਨਹੀਂ, ਨੀਂਦ ਹੁੰਦੀ ਹੈ।
(ਆਪਣੀ ਪਤਨੀ ਨੂੰ / ਸੁਖਵੰਤ ਹੁੰਦਲ)

ਹਰ ਸਧਾਰਨ ਜੀਵ ਵਾਂਗ ਵਿਦੇਸ਼ ਵਿਚ ਗਿਆ ਹਰ ਵਿਅਕਤੀ ਪਰਿਵਾਰਕ ਜੀਵਨ ਨੂੰ ਮਾਨਣਾ ਚਾਹੁੰਦਾ ਹੈ। ਉਹ ਖੁਸ਼ਹਾਲ ਅਤੇ ਅਨੰਦਮਈ ਜੀਵਨ ਲਈ ਕਰੜੀ ਮੇਹਨਤ ਕਰਦਾ ਹੈ ਆਰਥਿਕ ਸੰਤੁਸ਼ਟੀ ਲਈ ਯਤਨਸ਼ੀਲ ਹੁੰਦਾ ਹੈ। ਉਹ ਭਵਿੱਖ ਵਿਚ ਸੁਨਹਿਰੀ ਸੁਪਨੇ ਸਾਕਾਰ ਕਰਨਾ ਚਾਹੁੰਦਾ ਹੈ ਅਤੇ ਸਭ ਛੱਡ ਛੁਡਾ ਕੇ ਪਰਿਵਾਰਕ ਜੀਵਨ ਦਾ ਅਨੰਦ ਮਾਨਣਾ ਚਾਹੁੰਦਾ ਹੈ ਪਰ ਅਜਿਹਾ ਉਹ ਕਰ ਨਹੀਂ ਸਕਦਾ ਕਿਉਂਕਿ:

ਲੱਕੜ ਦਾ ਘਰ
ਜਿਸ 'ਚ ਜਾਗਦਾ ਹੋਇਆ
ਮੈਂ ਕਦੇ ਨਹੀਂ ਰਿਹਾ
ਟੀ. ਵੀ. ਜਿਸ ਨੂੰ ਵੇਖਿਆਂ
ਉਨੀਂਦੀਆਂ ਅੱਖਾਂ ਰੋਜ਼
ਭਾਰੀਆਂ ਹੋ ਜਾਂਦੀਆਂ ਹਨ
ਘਰ ਵਿਚ ਵਿਛਿਆ ਰੱਗ
ਜਿਸ ਬਾਰੇ ਮੈਨੂੰ ਨਹੀਂ ਪਤਾ
ਉਹ ਕਿੰਨਾ ਕੁ ਗੁਦਗੁਦਾ ਹੈ
ਆ ਅੱਗੇ ਖੜ੍ਹੀਆਂ ਹਨ।
(ਆਪਣੀ ਪਤਨੀ ਨੂੰ / ਸੁਖਵੰਤ ਹੁੰਦਲ)

ਮਾਨਸਿਕ ਪੀੜਾਂ ਤੇ ਪਰਿਵਾਰਕ ਜੀਵਨ ਦੇ ਟੁੱਟਦੇ ਸੁਨਹਿਰੀ ਅਰਮਾਨਾਂ ਦੇ ਬੋਝ ਵਿਦੇਸ਼ ਗਏ ਹੀ ਨਹੀਂ ਸਹਿੰਦੇ, ਇਨ੍ਹਾਂ ਦੇ ਪਿੱਛੇ ਦੇਸ਼ 'ਚ ਰਹਿ ਰਹੇ ਪਰਿਵਾਰ ਦੇ ਮੈਂਬਰ ਵੀ ਇਸ ਦੁਖਾਂਤ ਨੂੰ ਬੁਰੀ ਤਰ੍ਹਾਂ ਭੋਗਦੇ ਹਨ। ਵਿਦੇਸ਼ ਗਏ ਪੁੱਤਰ ਨੂੰ ਮਾਂ ਇੰਝ ਯਾਦ ਕਰਦੀ ਹੈ:

ਰੋਜ਼ ਵੇਖਦੀ ਹਾਂ ਤੇਰੀਆਂ ਤਸਵੀਰਾਂ
ਚੁੰਮਦੀ ਹਾਂ, ਚੱਟਦੀ ਹਾਂ, ਸੀਨੇ ਨਾਲ ਲਾਂਦੀ ਹਾਂ
ਪਰ ਪੁੱਤ! ਤੈਨੂੰ ਵੀ ਕਦੇ
ਯਾਦ ਆਈ ਹੈ ਮੇਰੀ?
(ਮਮਤਾ, ਅਮਨਦੀਪ)

ਵਤਨੀਂ ਪਰਤੀ ਭੈਣ ਤੇ ਹੀ
ਅੱਜ ਜਾਣੇ ਵੱਸਦੇ ਨੇ
ਇਨ੍ਹਾਂ ਦੇ ਦੁੱਖਾਂ ਤੇ,
ਇਕ ਟੱਬਰ ਇਥੇ ਸੜਦੇ ਨੇ
ਇਨ੍ਹਾਂ ਦੇ ਵਿਛੋੜਿਆਂ ਵਿਚ
ਇਕ ਟੱਬਰ ਉਥੇ ਮਰਦੇ ਨੇ
(ਸ਼ਰਾਬੀ ਯਾਰ ਦੇ ਨਾਂ / ਹਰਿਪਾਲ)

ਪਿਆਰੀ ਬੁੱਢੀ ਅੰਮਾਂ ਦੀ
ਅੱਖੀਆਂ ਦਾ ਤਾਰਾ
ਪਿਓ ਦੇ ਬੁਢਾਪੇ
ਦਾ ਇਕ ਸਹਾਰਾ
ਰੋਜ਼ੀ ਦੀ ਖਾਤਿਰ
ਭੈਣਾਂ ਦਾ ਵੀਰਾ
ਆਪਣੇ ਵਤਨ ਤੋਂ
ਜਲਾਵਤਨ ਹੋਇਆ।
(ਜਲਾਵਤਨ / ਹਰਿੰਦਰ ਚੀਮਾਂ)

ਦੇਸ਼ ਵਿਚ ਪਿੱਛੇ ਰਹਿ ਗਏ ਟੱਬਰਾਂ ਦਾ ਵੀ ਪਰਿਵਾਰਕ ਜੀਵਨ ਸੁਖਾਂਤ ਨਹੀਂ ਬਣਦਾ ਸਗੋਂ ਜਿਹੜੇ ਟੱਬਰ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ ਉਹ ਵੀ ਇਸ ਅਸ਼ਾਂਤੀ ਅਤੇ ਕਠਿਨ ਜੀਵਨ ਜਿਉਣ ਲਈ ਮਜਬੂਰ ਹੁੰਦੇ ਹਨ। ਘਰ ਦੇ ਕੈਸ਼ ਵਾਲੇ ਮੈਂਬਰ ਤਾਂ ਕੰਮਾਂ ਉਪਰ ਚਲੇ ਜਾਂਦੇ ਹਨ ਤੇ ਘਰ ਵਿਚ ਰਹੇ ਬਜ਼ੁਰਗ ਇੱਕਲਤਾ ਭੋਗਦੇ ਹਨ ਤੇ ਆਪਣੇ ਬੱਚਿਆਂ ਦੇ ਪਿਆਰ ਤੇ ਮੋਹ ਲਈ ਸਹਿਕਦੇ ਦਿਨ ਕਟੀ ਕਰਦੇ ਹਨ। ਇਕਬਾਲ ਰਾਮੂਵਾਲੀਆ ਦੀ ਕਵਿਤਾ 'ਮਾਂ' ਅਜਿਹੇ ਇਕ ਬੁਝਦੀ ਲਾਟ ਵਾਲੀ ਮਾਂ ਦੀ ਕਥਾ ਹੈ:

ਜਵਾਨੀ'ਚ ਮਾਂ ਪਹਿਲੂ ਛੱਟਦੀ ਰਹੀ
ਚੌਕੀ ਦੇ ਪੁੜਾਂ 'ਚ ਜੋਬਨ ਦਾ ਸਿਖਰ ਪੀਂਹਦੀ ਰਹੀ
ਤੇ ਹੁਣ ਪੰਦਰਵੀਂ ਮੰਜ਼ਲ ਦੀ ਛੱਤ ਤੇ ਟੰਗੀ
ਉਹ ਪੂਰੀ ਦਿਹਾੜੀ ਇਕੱਲ ਰਿੜਕਦੀ ਹੈ
ਢਾਣਗੇ ਮੋਢੇ ਦਾ ਅਵੇਦਾ ਚੁੱਪਚਾਪ ਨਿਗਲਦੀ ਹੈ,
ਮਿੱਲਾਂ 'ਚ ਲਗਾਤਾਰ ਮਨਫ਼ੀ ਹੁੰਦੀ ਪੁੱਤ ਦੀ ਜਵਾਨੀ ਦਾ
ਤੇ ਨੂੰਹ ਦੀਆਂ ਅਣਭੋਗੀਆਂ ਛਾਤੀਆਂ 'ਚ
ਸੁੱਕ ਗਏ ਦੁੱਧ ਦਾ ਲੇਖਾ ਜੋਖਾ ਕਰਦੀ ਹੈ,
ਆਪਣੇ ਤੇ ਪੋਤਿਆਂ ਵਿਚਕਾਰ
ਰੋਜ਼ ਫੈਲਦੇ ਟੈਲੀਵਿਜ਼ਨ ਦੇ ਜਿਸਮ ਨੂੰ ਮਿਣਦੀ ਹੈ,
ਤੇ ਮੂੰਹ ਦੀਆਂ ਪੀੜ੍ਹੀਆਂ ਉਦਾਲੇ ਉੱਗੇ
ਮੋਹ ਦੀ ਛਾਂ ਨੂੰ ਤਰਸਦੀ ਹੈ,
ਇਕੱਲ ਮਾਂ ਵਿਚਾਰੀ,
ਲਗਾਤਾਰ ਇਕ ਅਦਿਸਦੇ ਨਰਕ 'ਚੋਂ ਗੁਜ਼ਰਦੀ ਹੈ।

ਜਿਥੇ ਪਰਦੇਸੀਂ ਗਏ ਵਿਅਕਤੀ ਅਤਿ ਦੀ ਸਖਤ ਮਿਹਨਤ ਕਰਦੇ ਵਿਖਰਦੇ ਪਰਿਵਾਰਕ ਜੀਵਨ ਨੂੰ ਜਿਉਂਦੇ ਅਤਿ ਦੀ ਮਾਨਸਿਕ ਪੀੜਾਂ ਚੋਂ ਗੁਜ਼ਰਦੇ ਹਨ ਉਥੇ ਕਨੇਡੀਅਨ ਸਿਆਸੀ ਅੰਤਰ-ਰਾਸ਼ਟਰੀ ਰਾਜਨੀਤਕ ਚੇਤੰਨਤਾ ਵੀ ਰਖਦੇ ਹਨ। ਆਇਰਲੈਂਡ ਦੀ ਕ੍ਰਾਂਤੀਕਾਰੀ ਲਹਿਰ ਜਿਸ ਅਧੀਨ ਬੌਬੀ ਸੈਂਡ ਵਰਗੇ ਅਨੇਕਾਂ ਦੇਸ਼ ਪਰੇਮੀ ਸ਼ਹੀਦ ਹੋਏ ਹਨ, ਬਾਰੇ ਕੇਸਰ ਸਿੰਘ ਨਾਵਲਿਸਟ "ਸੱਪਣੀ ਮਾਂ" ਕਵਿਤਾ 'ਚ ਲਿਖਦੇ ਹਨ:

ਇੰਗਲੈਂਡ ਦੀ ਬੈਠਕ ਮਾਤਾ
ਆਪੇ ਬਣੀ
ਮਾਂ ਮਤਰੇਈ
ਉੱਤਰੀ ਆਇਰਲੈਂਡ
ਆਪਣੇ ਕੱਛਿਆਂ ਹੇਠੋਂ
ਆਪਣੇ ਬੱਚੇ, ਆਪ ਕੁਹਾਏ।

ਅਮਰੀਕੀ ਸਰਮਾਏਦਾਰੀ ਦੀ ਕਨੇਡਾ 'ਚ ਲੁੱਟ ਖਸੁੱਟ ਨੂੰ ਸਾਡੇ ਪੰਜਾਬੀ ਲਿਖਾਰੀ ਜਾਣਦੇ ਹੀ ਨਹੀਂ ਸਗੋਂ ਇਸ ਦੈਂਤ ਨੂੰ ਚੰਗੀ ਤਰ੍ਹਾਂ ਨੰਗਾ ਕਰਦੇ ਹਨ। 'ਤੇਰੇ ਵਰ੍ਹੇ ਦੇ ਨਾਂ' ਇਕਬਾਲ ਕਵਿਤਾ ਵਿਚ ਸਾਧੂ ਆਪਣੇ ਨਵੇਂ ਵਤਨ (ਕਨੇਡਾ) ਨੂੰ ਇਕ ਵੇਸਵਾ ਨਾਲ ਤੁਲਨਾ ਕਰਦਾ ਹੋਇਆ ਇਉਂ ਲਿਖਦਾ ਹੈ:

ਤੂੰ ਉਸ ਰਖੇਲ ਔਰਤ ਵਾਂਗ ਏਂ
ਜੋ ਮਿਸਟਰ ਸ਼ੇਰ ਲਈ ਆਪਣੀ ਪੱਤ ਲੁਟਾ ਰਹੀ ਹੋਵੇ
ਤੈਨੂੰ ਮੰਡੀ ਵਿਚ ਵੇਸਵਾਵਾਂ ਵਾਂਗ -
ਪੂਰਾ ਮੁੱਲ ਵੀ ਮੰਗਣਾ ਨਹੀਂ ਆਉਂਦਾ
ਤੂੰ ਖਬਰੇ ਕਿਹੜੀ ਚਿੱਟੀ ਗਤੇ
ਲਿਊਬਾਰਕੀਆਂ ਨੂੰ ਆਪਣਾ ਕਹਿ ਬੈਠੀ-
ਤੇਰੇ ਆਪਣੇ ਸਰੀਰ ਦੇ ਨੱਥੇ ਹਿੱਸੇ ਉਨ੍ਹਾਂ-
ਦੀ ਮਾਲਕੀ ਹਨ
ਤੇ ਬਾਕੀ ਬਚਦੇ ਦਸ ਤੂੰ ਹਰ ਵਕਤ ਲੁਟਾਣ-
ਲਈ ਤਿਆਰ ਏਂ
ਤੇਰੀ ਇਸ ਲੁਟਾਣ ਦੀ ਆਦਤ ਨੂੰ
ਸਾਡੇ ਨਾਲ ਅਜ਼ਾਦ ਵਪਾਰ ਕਿਹਾ ਜਾਂਦਾ ਹੈ।

ਇਸ ਅਤਿ ਮੁਸ਼ਕਲਾਂ ਭਰੇ, ਮਾਨਸਿਕ ਪੀੜਾਂ 'ਚ ਗਰਕ, ਪ੍ਰੀਵਾਰਕ ਟੁੱਟ ਭੱਜ ਵਾਲੇ ਜੀਵਨ ਦੀ ਮਜਬੂਰੀ ਸਰਮਾਏਦਾਰੀ ਦੀਆਂ ਰਚਨਾ ਹਨ। ਸੁਖੀ ਜੀਵਨ, ਆਰਥਿਕ ਬਰਾਬਰੀ, ਸਮਾਨਤਾ ਅਤੇ ਸਵੈਮਾਨ ਵਾਲੀ ਜ਼ਿੰਦਗੀ ਜਿਊਣ ਲਈ ਸਖਤ ਘਾਲਣਾ ਦੀ ਲੋੜ ਹੈ। ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਸਮਾਜਵਾਦ ਹੈ ਤੇ ਇਸ ਲਈ ਕਨੇਡੀਅਨ ਪੰਜਾਬੀ ਲਿਖਾਰੀ ਚੇਤਨਤਾ ਪੈਦਾ ਕਰਨ ਲਈ ਯਤਨਸ਼ੀਲ ਹੈ/ ਉਹ ਇਸ ਸਰਮਾਏਦਾਰੀ ਦੇ ਖਾਤਮੇ ਲਈ ਮਜ਼ਦੂਰਾਂ ਨੂੰ ਇਕ ਹੋਣ ਦਾ ਹੋਕਾ ਦਿੰਦਾ ਹੈ:

ਦੁਨੀਆਂ ਦੇ ਮਜ਼ਦੂਰੋ ਜਾਗੋ
ਔਕੜ ਦੀ ਮਿਟ ਜਾਏ ਪੁਕਾਰ।
ਇਕ ਮੁੱਠ ਹੋਕੇ ਤੋੜ ਦਿਓ ਕੇ
ਪੈ ਜਾਏ ਹੱਥਾਂ ਵਾਲੇ ਹਾਰ।
(ਜੀਵਨ / ਮੰਗਾ ਸਿੰਘ ਬਾਸੀ)

ਇਸ ਅੰਕ ਦੀ ਇਕ ਹੋਰ ਵੱਡੀ ਖੂਬੀ ਇਹ ਹੈ ਕਿ ਇਸ ਵਿਚਲੀਆਂ ਰਚਨਾਵਾਂ ਦੇ ਲਿਖਾਰੀ ਔਖੇ ਸ਼ਬਦ-ਜੰਜਾਲ ਤੋਂ ਮੁਕਤ ਹਨ। ਕਵਿਤਾਵਾਂ ਆਮ ਸ਼ਬਦਾਵਲੀ ਵਿਚ ਲੋਕਾਂ ਦੇ ਸਮਝ ਆ ਜਾਣ ਵਾਲੀਆਂ ਹਨ, ਜਿਸ ਕਾਰਨ ਲਿਖਾਰੀ ਤੇ ਪਾਠਕ ਦੀ ਵਿਚਾਰ ਸਮੱਸਿਆਵਾਂ ਆਪਣੇ ਆਪ ਹੱਲ ਹੋ ਜਾਂਦੀ ਹੈ। ਇਸ ਅੰਕ ਨੂੰ ਪੜ੍ਹ ਕੇ ਲਗਦਾ ਹੈ ਕਿ ਕਨੇਡੀਅਨ ਪੰਜਾਬੀ ਕਵੀ ਪਾਠਕਾਂ ਦੇ ਵਧੇਰੇ ਨੇੜੇ ਹਨ ਤੇ ਉਹ ਭਾਰਤੀ ਪੰਜਾਬੀਆਂ ਲਿਖਾਰੀਆਂ ਨਾਲੋਂ ਵਧੇਰੇ ਸੂਝ ਬੂਝ ਵਾਲੇ ਤੇ ਚੇਤੰਨ ਹਨ। ਉਨ੍ਹਾਂ ਵਿਚ ਸਮੱਸਿਆਵਾਂ ਨੂੰ ਪਕੜਨ ਦੀ ਸਮਰੱਥਾ ਹੈ ਅਤੇ ਉਹ ਇਸਦੇ ਹੱਲ ਲਈ ਯਤਨਸ਼ੀਲ ਹਨ। ਸਾਡੇ ਦੇਸ਼ ਦੇ ਪੰਜਾਬੀ ਲਿਖਾਰੀਆਂ ਨੂੰ ਇਹ ਅੰਕ ਇਕ ਵੰਗਾਰ ਹੈ। 

ਅੰਤ ਵਿਚ, ਮੈਂ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਹਰ ਪੰਜਾਬੀ ਪਾਠਕ ਨੂੰ ਵਤਨੋਂ ਦੂਰ ਦਾ ਇਹ ਅੰਕ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਜੋ ਉਹ ਪੰਜਾਬੀ ਸਾਹਿਤ ਦੇ ਇਸ ਅਣਮੁੱਲੇ ਖਜ਼ਾਨੇ ਤੋਂ ਵਾਂਝਿਆ ਨਾ ਰਹਿ ਜਾਵੇ। ਇਸ ਅੰਕ ਦੀ ਪ੍ਰਕਾਸ਼ਨਾ ਨਾਲ ਅਸੀਂ ਕਨੇਡੀਅਨ ਪੰਜਾਬੀ ਕਵੀਆਂ ਅਤੇ ਵਤਨੋਂ ਦੂਰ ਦੇ ਪ੍ਰਬੰਧਕਾਂ ਦੇ ਧੰਨਵਾਦੀ ਹਾਂ।

ਸੁਰਿੰਦਰ ਧੰਜੇ
ਸੰਪਾਦਕ ਅਣੂ


**BEST REPAIRS AND CHEAPER SEVICES OR REBUILDING APPLIANCES REFRIGERATORS* STOVES* WASHERS* AND ELECTRICAL WIRING* MICRO-WAVES DRYERS* GURBURATORS.**



ਬਲਦੇਵ ਧੰਜਲ

**PHONE: 298-7198**

**ਜੇ ਤੁਹਾਡਾ ਫਰਿਜ. ਫਰੀਜ਼ਰ, ਬਿਜਲਾ ਦਾ ਸਟੋਵ, ਜਾਂ ਡਰਾਇਰ ਖਰਾਬ ਹੋਵੇ ਤਾਂ ਤਸੱਲੀ ਬਖਸ਼ ਮੁਰੰਮਤ ਵਾਸਤੇ ਫੂਨ ਕਰੋ।**

**BALDEV DHANJAL** 298-7198
**CERTIFIED TECHNICIAN**



**ਭਾਰਤੀ ਆਰਟ ਜਿਊਲਰਜ਼**

ORIENTAL SILVER AND GOLD JEWELRY REPAIRING

**BHARTI ART JEWELLERS**

*Specialist in East Indian Jewelry Craftware*

RASIK PAREKH
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
Contact Raj

# ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਦੇ ਪੰਜਾਬੀਆਂ ਤੇ ਠੋਸਣ ਦੀ ਸਖਤ ਨਿਖੇਧੀ

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਫੋਰਟ ਨੈਲਸਨ ਦੀ ਆਮ ਇਕੱਤਰਤਾ ਮਿਤੀ 9 ਜਨਵਰੀ 1982 ਨੂੰ ਸ੍ਰੀ ਦਰਸ਼ਨ ਸਿੰਘ ਸੰਧਾਵਰ 'ਦਰਪਣ' ਦੀ ਪ੍ਰਧਾਨਗੀ ਹੇਠ ਹੋਈ। ਮੁੱਖ ਤੌਰ ਤੇ ਏਜੰਡਾ ਵਿਸ਼ਵ ਪੰਜਾਬੀ ਸੰਮੇਲਨ ਕੈਨੇਡਾ ਵਿਚ ਹੋਣ ਬਾਰੇ ਸੀ। ਸ੍ਰੀ ਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਰਵਿੰਦਰ ਰਵੀ ਤੋਂ ਇਕ ਖੱਤ ਪ੍ਰਾਪਤ ਹੋਇਆ ਹੈ ਜੋ ਸ੍ਰੀ ਪ੍ਰੀਤਮ ਸਿੰਘ ਦਾ ਸ੍ਰੀ ਰਵਿੰਦਰ ਰਵੀ ਨੂੰ ਲਿਖਿਆ ਹੋਇਆ ਸੀ। ਉਹ ਖੱਤ ਮੀਟਿੰਗ ਵਿਚ ਪੜ੍ਹਿਆ ਤੇ ਵਿਚਾਰਿਆ ਗਿਆ। ਐਸੋਸੀਏਸ਼ਨ ਨੇ ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ।

"ਪੰਜਾਬੀ ਲਿਟਰੇਰੀ ਐਸੋਸੀਏਸ਼ਨ ਫੋਰਟ ਨੈਲਸਨ ਵਿਸ਼ਵ ਪੰਜਾਬੀ ਸੰਮੇਲਨ ਦੇ ਸਕੱਤਰ ਜਨਰਲ ਸ੍ਰੀ ਪ੍ਰੀਤਮ ਸਿੰਘ ਤੇ ਅਖੌਤੀ ਵਿਸ਼ਵ ਪੰਜਾਬੀ ਸੰਮੇਲਨ ਦੇ ਪ੍ਰਬੰਧਕਾਂ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਕਿ ਉਨ੍ਹਾਂ ਕੈਨੇਡਾ ਦੀਆਂ ਸਾਹਿਤਕ ਸਭਾਵਾਂ, ਪੰਜਾਬੀ ਦੀ ਉੱਨਤੀ ਲਈ ਕੰਮ ਕਰ ਰਹੀਆਂ ਸੰਸਥਾਵਾਂ ਤੇ ਪੰਜਾਬੀ ਸਾਹਿਤ ਰਚ ਰਹੇ ਸਾਹਿਤਕਾਰਾਂ ਨਾਲ ਸੰਪਰਕ ਕਰਨ ਤੋਂ ਬਿਨਾਂ 1982 ਦਾ ਸਮਾਗਮ ਕੈਨੇਡਾ ਵਿਚ ਕਰਨ ਦਾ ਫੈਸਲਾ ਕੀਤਾ ਹੈ।

ਜਗਦੇਵ ਜਟਾਣਾ (ਪ੍ਰਧਾਨ)
ਪੰਜਾਬੀ ਲਿਟਰੇਰੀ ਐਸੋਸੀਏਸ਼ਨ

---

# ਨਕਸਲਵਾਦ ਵਿਰੋਧੀ ਕਵਿਤਾਵਾਂ ਦੇ ਸੰਗ੍ਰਹਿ ਲਈ ਕਵਿਤਾਵਾਂ ਲਈ ਬੇਨਤੀ

ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਵਲੋਂ ਨਕਸਲਵਾਦ ਵਿਰੋਧੀ ਲਿਖੀਆਂ ਗਈਆਂ ਕਵਿਤਾਵਾਂ ਦਾ ਸੰਗ੍ਰਹਿ ਛਾਪਣ ਦਾ ਫੈਸਲਾ ਹੋਇਆ ਹੈ। ਇਸ ਲਈ ਸਭ ਕਵੀ-ਦੋਸਤਾਂ ਪ੍ਰਤੀ ਬੇਨਤੀ ਹੈ ਕਿ ਉਹ ਅਜਿਹੀਆਂ ਪੰਜ ਪੰਜ ਕਵਿਤਾਵਾਂ ਤੇ ਆਪਣਾ ਜੀਵਨ-ਬਿਓਰਾ ਭੇਜਣ ਦੀ ਕਿਰਪਾਲਤਾ ਕਰਨ ਤਾਂ ਕਿ ਜਲਦੀ ਤੋਂ ਜਲਦੀ ਇਹ ਸੰਗ੍ਰਹਿ ਛਾਪਿਆ ਜਾ ਸਕੇ। ਰਚਨਾਵਾਂ ਇਨ੍ਹਾਂ ਪਤਿਆਂ ਤੇ ਭੇਜੀਆਂ ਜਾ ਸਕਦੀਆਂ ਹਨ:

| | | |
|---|---|---|
| ਦਰਸ਼ਨ ਸਿੰਘ | ਜਗਤਾਰ ਢਾਅ | ਗੁਰਚਰਨ ਰਾਮਪੁਰੀ |
| BOX 1965 | 91 MARLBOROUGH RD. | 1714 DRAYCOTT RD. |
| FORT NELSON | SOUTHALL – MIDDEX | NORTH VANCOUVER. B.C. |
| B.C. CANADA | ENGLAND | CANADA. |

---

## ALL CANADA SIKH CONVENTION

JULY 31 – AUGUST 1 1982
*SPONSORED BY*
FEDERATION OF SIKH SOCIETIES OF CANADA
*HOSTED BY*
KHALSA DIWAN SOCIETY
8000 ROSS STREET, VANCOUVER, B.C., CANADA V5X 4C5
TELEPHONE: (604) 324-7525

ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਪ੍ਰਧਾਨ ਅਤੇ ਕੈਨੇਡਾ ਦੀਆਂ ਸਿੱਖ ਸੋਸਾਇਟੀਆਂ ਦੀ ਫੈਡਰੇਸ਼ਨ ਵਲੋਂ ਇਕ ਸਾਂਝੇ ਬਿਆਨ ਰਾਹੀਂ ਦੱਸਿਆ ਗਿਆ ਹੈ ਕਿ ਅਗਲੀ "ਆਲ ਇੰਡੀਆ ਸਿੱਖ ਕਨਵੈਨਸ਼ਨ 1982" 31 ਜੁਲਾਈ 1982 ਨੂੰ ਵੈਨਕੂਵਰ ਵਿਖੇ ਕੀਤੀ ਜਾ ਰਹੀ ਹੈ। ਕਨਵੈਨਸ਼ਨ ਦਾ ਮੁੱਖ ਉਦੇਸ਼ ਕੈਨੇਡਾ ਵਿਚ ਰਹਿੰਦੇ ਸਿੱਖਾਂ ਨੂੰ ਇਕ ਮੁੱਠ ਕਰਨਾ ਹੋਵੇਗਾ। ਕਨਵੈਨਸ਼ਨ ਦੇ ਅੰਤ ਉਤੇ ਵਰਕਸ਼ਾਪਾਂ ਦੇ ਰੂਪ ਵਿਚ ਇਕ ਵਿਸ਼ਾਲ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਜਾਵੇਗਾ। ਦੁਨੀਆਂ ਦੇ ਹਰ ਹਿੱਸੇ ਵਿਚੋਂ ਸਿੱਖਾਂ ਨੂੰ ਕਨਵੈਨਸ਼ਨ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਅੱਗੋਂ ਜਾਣਕਾਰੀ ਲਈ ਫੋਨ ਕਰੋ:

ਸ. ਜਸਜੀਤ ਸਿੰਘ ਸੰਧੂ, 324-7525 ਜਾਂ 321-1062
ਸ. ਸੁਰਿੰਦਰ ਸਿੰਘ ਜੌਹਲ, 376-9537 ਜਾਂ 372-2211
ਸ. ਮੋਤਾ ਸਿੰਘ ਝੀਤਾ, 277-4220 ਜਾਂ 588-2155 (ਲੈਂਗਲੀ)

## VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ੍ਹ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਸੈਂਕੜਾਂ ਸਾਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਉ ਤੇ ਅਜ਼ਮਾ ਕੇ ਦੇਖੋ।

**TEL: 324-3177**

KENNY K. H. NG B.Sc. (PHARM.)
R.P.E.B.C.

PAUL C. Y. FU B.Sc. (PHARM.)
R.P.E.B.C.

**6407 MAIN ST.**
**VANCOUVER, B.C.**

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

## ਬੰਬੇ ਸਵੀਟ ਮੈਨੂਫੈਕਚਰਰ

**FOR LARGEST VARIETY IN INDIAN SWEETS**

ਵਾਧੂ ਪੈਸੇ ਕਿਉਂ ਖ਼ਰਚਣੇ ਹਨ? ਆਓ ਸਾਡੇ ਰੇਟ ਤੇ ਮਾਲ ਚੈੱਕ ਕਰੋ

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

*OUR TEMPTATIONS,*
Largest Variety in Indian Sweets

Burfi - Laddo - Rasgulas - Gulab Jamuns - Masu - Pinnis
**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ....

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ਰੀਦਣ ਲਈ

ਸ਼ੁਕਲਾ ਬ੍ਰਾਦਰਜ਼

ਵਿਆਹ ਸ਼ਾਦੀਆਂ, ਪਾਰਟੀਆਂ ਲਈ
ਆਰਡਰ ਦੋਹਾਂ ਸਟੋਰਾਂ ਤੇ
ਬੁਕ ਕੀਤੇ ਜਾਂਦੇ ਹਨ

# BOMBAY SWEET MANUFACTURER

Manager: SHUKLA

**874-5722** **321-1414**

**WE ARE OPEN EVERY DAY 9 A.M. TO 9:30 P.M.**

**4405 MAIN ST. (AT 28TH. AVE)**
**VANCOUVER — TEL. 874-5722**

**6545 MAIN ST. (AT 49TH. AVE)**
**VANCOUVER, TEL. 321-1414**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ
WATNO DUR
P.O. BOX 67681 STN. "O"
VANCOUVER, B.C. V5W 3V2
Second class mail Reg. No. 3233

To


# FRONTIER CLOTH HOUSE LTD.
6695 MAIN STREET VANCOUVER, B.C.


THE KING OF SAREE

Tel.: 325-3515

Tel.: 325-4424

New

## JAPAN SAREE CENTRE




6672 Main St. At 51st. Vancouver
PH: 325-3515




ਹੁਣ ਅਸੀਂ ਤੁਹਾਡੀ ਸਹੂਲਤ ਲਈ ਫਰੰਟੀਅਰ ਬਿਲਡਿੰਗ ਦੀ ਦੂਸਰੀ ਮੰਜ਼ਿਲ ਤੇ ਆਪਣਾ ਪੜ੍ਹਦਿਆਂ ਦਾ ਸ਼ੋਅ ਰੂਮ ਖਲ੍ਹ ਲਿਆ ਹੈ

FRONTIER DRAPERY SHOWROOM

On 2nd floor of Frontier Bldg.

SHOP FRONTIER TO GET BEST VALUE OF YOUR DOLLAR


WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

WATNO DUR
P.O. BOX 67681 STN. "O"
VANCOUVER, B.C.
V5W 3V2